# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 165 | Friday, August 28, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਰੌਇਲ ਕੈਨੇਡੀਅਨ ਨੇਵੀ ਵਿੱਚ "ਸੀਮੈਨ" ਦੀ ਥਾਂ ਹੋਵੇਗੀ "ਸੇਲਰ" ਟਰਮ ਦੀ ਵਰਤੋਂ



ਵਿਕਟੋਰੀਆ, 27 ਅਗਸਤ (ਪੋਸਟ ਬਿਊਰੋ) : ਦ ਰੌਇਲ ਕੈਨੇਡੀਅਨ ਨੇਵੀ ਵੱਲੋਂ ਆਪਣੇ ਜੂਨੀਅਰ ਮੈਂਬਰਜ਼ ਲਈ ਰਸਮੀ ਤੌਰ ਉੱਤੇ ਸੀਮੈਨ ਟਰਮ ਨੂੰ ਹਟਾ ਕੇ ਉਸ ਦੀ ਥਾਂ ਉੱਤੇ ਸੇਲਰ ਟਰਮ ਦੀ ਵਰਤੋਂ ਸ਼ੁਰੂ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ।

ਦੁਨੀਆ ਭਰ ਦੇ ਹੋਰਨਾਂ ਦੇਸ਼ਾਂ ਵਾਂਗ ਹੀ ਨੇਵੀ ਵੀ ਆਪਣੇ ਮੈਂਬਰਾਂ ਲਈ ਲੰਮੇਂ ਸਮੇਂ ਤੋਂ ਸੀਮੈਨ ਟਰਮ ਦੀ ਵਰਤੋਂ ਕਰਦੀ ਆਈ ਹੈ। ਪਰ ਹੁਣ ਨੇਵੀ ਨੇ ਲਿੰਗਕ ਪੱਖੋਂ ਨਿਰਪੱਖ ਟਰਮ ਸੇਲਰ ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਹੈ। ਨੇਵੀ ਨੇ ਐਲਾਨ ਕੀਤਾ ਕਿ ਅਗਲੇ ਹਫਤੇ ਤੋਂ ਸ਼ੁਰੂ ਕਰਕੇ ਉਹ ਆਪਣੇ ਮੈਂਬਰਜ਼ ਲਈ ਸੇਲਰ ਟਰਮ ਦੀ ਵਰਤੋਂ ਕਰਿਆ ਕਰੇਗੀ ਜਿਵੇਂ ਕਿ ਸੇਲਰ ਥਰਡ ਕਲਾਸ, ਸੇਲਰ ਸੈਕਿੰਡ ਕਲਾਸ, ਸੇਲਰ ਫਰਸਟ ਕਲਾਸ, ਮਾਸਟਰ ਸੇਲਰ ਆਦਿ।

ਨੇਵੀ ਦੇ ਕਮਾਂਡਰ ਵਾਈਸ ਐਡਮਿਰਲ ਆਰਟ ਮੈਕਡੌਨਲਡ ਅਨੁਸਾਰ ਇਹ ਕਦਮ ਨੇਵੀ ਮੈਂਬਰਜ਼ ਤੇ ਆਮ ਜਨਤਾ ਦੇ ਪਿਛਲੇ ਮਹੀਨੇ ਕਰਵਾਏ ਗਏ ਸਰਵੇਖਣ ਦਾ ਹੀ ਨਤੀਜਾ ਹੈ। ਇਸ ਆਨਲਾਈਨ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 75 ਫੀ ਸਦੀ ਲੋਕਾਂ ਨੇ ਇਸ ਤਬਦੀਲੀ ਦੇ ਪੱਖ ਵਿੱਚ ਵੋਟ ਕੀਤਾ। ਮੈਕਡੌਨਲਡ ਨੇ ਇੱਕ ਬਿਆਨ ਵਿੱਚ ਆਖਿਆ ਕਿ ਪਹਿਲਾਂ ਰਵਾਇਤੀ ਤੌਰ ਉੱਤੇ ਸਾਡੀ ਸਰਵਿਸ ਗੋਰੇ ਪੁਰਸ਼ਾਂ ਵੱਲੋਂ ਹੀ ਨਿਭਾਈ ਜਾਂਦੀ ਸੀ ਪਰ ਸਾਨੂੰ ਮਾਣ ਹੈ ਕਿ ਹੁਣ ਇਸ ਆਧੁਨਿਕ ਸਰਵਿਸ ਨੂੰ ਕੋਈ ਵੀ ਨਿਭਾਅ ਸਕਦਾ ਹੈ ਤੇ ਇਹ ਤਬਦੀਲੀ ਸਕਾਰਾਤਮਕ ਹੈ।

ਉਨ੍ਹਾਂ ਆਖਿਆ ਕਿ ਇਸ ਵੱਡੀ ਤਬਦੀਲੀ ਲਈ ਭਾਵੇਂ ਸਾਨੂੰ ਆਨਲਾਈਨ ਕਰਵਾਏ ਸਰਵੇਖਣ ਵਿੱਚ ਸਮਰਥਨ ਮਿਲਿਆ ਹੈ ਪਰ ਕਈ ਲੋਕਾਂ ਵੱਲੋਂ ਪੱਖਪਾਤੀ ਤੇ ਨਫਰਤ ਭਰੀਆਂ ਟੀਕਾ ਟਿੱਪਣੀਆਂ ਵੀ ਕੀਤੀਆਂ ਗਈਆਂ ਹਨ। ਕਈਆਂ ਨੇ ਇਹ ਵੀ ਆਖਿਆ ਕਿ ਇਸ ਫੈਸਲੇ ਕਾਰਨ ਉਨ੍ਹਾਂ ਦੇ ਦਿਲ ਟੁੱਟ ਗਏ। ਇਸ ਦੌਰਾਨ ਫੇਸਬੁੱਕ ਉੱਤੇ ਸਾਂਝੇ ਕੀਤੇ ਗਏ ਆਪਣੇ ਸੁਨੇਹੇ ਵਿੱਚ ਰੀਅਰ ਐਡਮਿਰਲ ਕ੍ਰਿਸ ਸਦਰਲੈਂਡ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਦਰਸਾਉਂਦੀਆਂ ਹਨ ਕਿ ਇਹ ਕਾਇਰਾਨਾ ਹਮਲੇ ਹਨ ਤੇ ਸਾਨੂੰ ਘੱਟ ਗਿਣਤੀ ਤੇ ਹਾਸ਼ੀਏ ਉੱਤੇ ਧੱਕੇ ਗਰੁੱਪਜ਼ ਦਾ ਸਮਰਥਨ ਕਰਨਾ ਚਾਹੀਦਾ ਹੈ।

ਮੈਕਡੌਨਲਡ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਤੇ ਸੋਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਨਸਲੀ, ਮਹਿਲਾਵਾਂ ਤੋਂ ਨਫਰਤ ਕਰਨ ਵਾਲੇ ਤੇ ਪੱਖਪਾਤੀ ਵਿਵਹਾਰ ਵਾਲੇ ਸ਼ਖਸ ਲਈ ਸਾਡੇ ਰੈਂਕਸ ਵਿੱਚ ਕੋਈ ਥਾਂ ਨਹੀਂ। ਉਨ੍ਹਾਂ ਆਖਿਆ ਕਿ ਜਿਨ੍ਹਾਂ ਦੀ ਅਜਿਹੀ ਸੋਚ ਹੈ ਉਹ ਆਪਣੇ ਸੀਨੀਅਰ ਅਧਿਕਾਰੀਆਂ ਸਾਹਮਣੇ ਪੇਸ਼ ਹੋ ਕੇ ਆਪਣੇ ਵਿਚਾਰ ਰੱਖ ਸਕਦੇ ਹਨ ਤੇ ਅਸੀ ਨੇਵੀ ਛੱਡਣ ਵਿੱਚ ਤੁਹਾਡੀ ਮਦਦ ਕਰਾਂਗੇ। ਉਨ੍ਹਾਂ ਆਖਿਆ ਕਿ ਸਾਨੂੰ ਅਹਿਸਾਸ ਹੈ ਕਿ ਸਾਡੇ ਆਧੁਨਿਕ ਕਲਚਰ ਨਾਲ ਤੁਸੀਂ ਸਾਂਝ ਨਹੀਂ ਬਣਾ ਪਾ ਰਹੇ। ਇਹ ਨਵੇਂ ਰੈਂਕ ਡੈਸਿਗਨੇਸ਼ਨਜ਼ 4 ਸਤੰਬਰ ਤੋਂ ਪ੍ਰਭਾਵੀ ਹੋਣਗੇ। ਪਰ ਕਾਗਜ਼ਾਂ ਵਿੱਚ ਅਜਿਹਾ ਹੋਣ ਨੂੰ ਅਜੇ ਲੰਮਾਂ ਸਮਾਂ ਲੱਗ ਸਕਦਾ ਹੈ।

## ਮਾਸਕ ਪਾਉਣ ਤੋਂ ਇਨਕਾਰ ਕਰ ਦਿੰਦੇ ਹਨ ਕਈ ਯਾਤਰੀ : ਏਅਰ ਕੈਨੇਡਾ



ਓਟਵਾ, 27 ਅਗਸਤ (ਪੋਸਟ ਬਿਊਰੋ) : ਕੈਨੇਡਾ ਦੀ ਸੱਭ ਤੋਂ ਵੱਡੀ ਏਅਰਲਾਈਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੇ ਯਾਤਰੀਆਂ ਨਾਲ ਵੀ ਨਜਿੱਠਣਾ ਪੈਂਦਾ ਹੈ ਜਿਹੜੇ ਫੇਸ ਮਾਸਕ ਪਾਉਣ ਤੋਂ ਇਨਕਾਰ ਕਰ ਦਿੰਦੇ ਹਨ।

ਏਅਰ ਕੈਨੇਡਾ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਮਾਮਲੇ ਭਾਂਵੇਂ ਬਹੁਤ ਘੱਟ ਹੁੰਦੇ ਹਨ ਪਰ ਉਨ੍ਹਾਂ ਦਾ ਇਸ ਤਰ੍ਹਾਂ ਦੇ ਯਾਤਰੀਆਂ ਨਾਲ ਵਾਹ ਜ਼ਰੂਰ ਪੈਂਦਾ ਹੈ ਤੇ ਫਿਰ ਉਨ੍ਹਾਂ ਉੱਤੇ ਪਾਬੰਦੀਆਂ ਲਾਈਆਂ ਜਾਂਦੀਆਂ ਹਨ। ਏਅਰਲਾਈਨ ਨੇ ਇਹ ਤਾਂ ਨਹੀਂ ਦੱਸਿਆ ਕਿ ਇਸ ਤਰ੍ਹਾਂ ਦੇ ਕਿੰਨੇ ਮਾਮਲਿਆਂ ਨਾਲ ਉਨ੍ਹਾਂ ਦਾ ਸਾਹਮਣਾ ਹੋਇਆ ਤੇ ਅਜਿਹੇ ਯਾਤਰੀਆਂ ਉੱਤੇ ਕਿਹੋ ਜਿਹੀਆਂ ਪਾਬੰਦੀਆਂ ਲਾਈਆਂ ਜਾਂਦੀਆਂ ਹਨ। ਪਰ ਏਅਰਲਾਈਨ ਨੇ ਆਖਿਆ ਕਿ ਉਹ ਅਜਿਹੇ ਯਾਤਰੀਆਂ ਨਾਲ ਨਜਿੱਠਣ ਲਈ ਕਈ ਤਰ੍ਹਾਂ ਦੀ ਪਹੁੰਚ ਅਪਣਾਉਂਦੇ ਹਨ ਤੇ ਕਈਆਂ ਉੱਤੇ ਤਾਂ ਟਰੈਵਲ ਬੈਨ ਵੀ ਲਾਇਆ ਜਾਂਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕਾਨੂੰਨ ਮੁਤਾਬਕ ਹੀ ਕੈਨੇਡੀਅਨ ਹਵਾਈ ਜਹਾਜ਼ ਵਿੱਚ ਸਫਰ ਕਰਨ ਵਾਲੇ ਨੂੰ ਮੂੰਹ ਢਕਣਾ ਪੈਂਦਾ ਹੈ। ਏਅਰ ਕੈਨੇਡਾ ਨੇ ਆਖਿਆ ਕਿ ਵੈਸੇ ਉਨ੍ਹਾਂ ਦੇ ਕਸਟਮਰਜ਼ ਇਸ ਨਿਯਮ ਦਾ ਸਨਮਾਨ ਕਰਦੇ ਹਨ ਤੇ ਮੂੰਹ ਢਕਣ ਦੀ ਅਹਿਮੀਅਤ ਜਾਣਦੇ ਹਨ। ਅਮਰੀਕਾ ਵਿੱਚ ਡੈਲਟਾ ਏਅਰਲਾਈਨਜ਼ ਨੇ ਦੱਸਿਆ ਕਿ ਮਾਸਕ ਪਾਉਣ ਤੋਂ ਇਨਕਾਰ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਵੱਲੋਂ 250 ਯਾਤਰੀਆਂ ਉੱਤੇ ਪਾਬੰਦੀ ਲਾ ਦਿੱਤੀ ਗਈ।

## ਮੇਰੀ ਸਹਿਣਸ਼ਕਤੀ ਹੁਣ ਜਵਾਬ ਦੇ ਰਹੀ ਹੈ : ਫੋਰਡ



ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਸਕੂਲਾਂ ਨੂੰ ਮੁੜ ਖੋਲ੍ਹੇ ਜਾਣ ਦੀ ਯੋਜਨਾ ਦੇ ਸਬੰਧ ਵਿੱਚ ਅਧਿਆਪਕਾਂ ਵੱਲੋਂ ਚਿੰਤਾ ਪ੍ਰਗਟਾਏ ਜਾਣ ਉਪਰੰਤ ਓਨਟਾਰੀਓ ਦੀਆਂ ਐਜੂਕੇਸ਼ਨ ਯੂਨੀਅਨਾਂ ਵੱਲੋਂ ਰੌਲਾ ਪਾਏ ਜਾਣ ਉੱਤੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਹਿਣਸ਼ਕਤੀ ਹੁਣ ਜਵਾਬ ਦੇ ਰਹੀ ਹੈ।

ਓਟਵਾ ਏਰੀਆ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਅਧਿਆਪਕਾਂ ਤੋਂ ਮੰਗ ਕੀਤੀ ਕਿ ਮਹਾਂਮਾਰੀ ਦੇ ਚਰਮ ਉੱਤੇ ਹੋਣ ਦੌਰਾਨ ਜਿਵੇਂ ਹੋਰ ਫਰੰਟ ਲਾਈਨ ਵਰਕਰਜ਼ ਮੂਹਰੇ ਖੜ੍ਹੇ ਹੋ ਕੇ ਸੇਵਾਵਾਂ ਦਿੰਦੇ ਰਹੇ ਉਸੇ ਤਰ੍ਹਾਂ ਹੁਣ ਅਧਿਆਪਕਾਂ ਨੂੰ ਵੀ ਕਮਰ ਕੱਸ ਲੈਣੀ ਚਾਹੀਦੀ ਹੈ। ਫੋਰਡ ਨੇ ਆਖਿਆ ਕਿ ਸਟੋਰ ਕਲਰਕਜ਼, ਫਰੰਟ ਲਾਈਨ ਹੈਲਥ ਕੇਅਰ ਵਰਕਰਜ਼, ਡਾਕ-ਟਰਾਂ, ਨਰਸਾਂ ਆਦਿ ਨੇ ਮਹਾਂਮਾਰੀ ਦੌਰਾਨ ਆਪਣੀ ਸੇਵਾ ਪੂਰੀ ਤਨਦੇਹੀ ਨਾਲ ਨਿਭਾਈ ਹੈ ਤੇ ਹੁਣ ਸਮਾਂ ਆ ਗਿਆ ਹੈ ਕਿ ਆਪਣਾ ਫਰਜ਼ ਨਿਭਾਉਣ ਤੋਂ ਅਧਿਆਪਕ ਪਿੱਛੇ ਨਾ ਹਟਣ।

ਪ੍ਰੀਮੀਅਰ ਨੇ ਆਖਿਆ ਕਿ ਫਰੰਟ ਲਾਈਨ ਐਜੂਕੇਟਰਜ਼ ਤੇ ਉਨ੍ਹਾਂ ਦੀਆਂ ਯੂਨੀਅਨਾਂ ਵਿਚਲਾ ਫਰਕ ਉਨ੍ਹਾਂ ਨੂੰ ਸਮਝ ਆਉਂਦਾ ਹੈ ਪਰ ਉਨ੍ਹਾਂ ਆਖਿਆ ਕਿ ਯੂਨੀਅਨ ਆਗੂਆਂ ਨੂੰ ਵੀ ਇਸ ਪ੍ਰੋਗਰਾਮ ਨੂੰ ਲਾਗੂ ਕਰਵਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ। ਫੋਰਡ ਦੀਆਂ ਇਨ੍ਹਾਂ ਟਿੱਪਣੀਆਂ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਤਾਂ ਜਿਵੇਂ ਨੁਕਤਾਚੀਨੀ ਦਾ ਹੜ੍ਹ ਹੀ ਆ ਗਿਆ ਹੋਵੇ। ਐਜੂਕੇਟਰਜ਼ ਤੇ ਸਰਕਾਰ ਦੇ ਆਲੋਚਕਾਂ ਵੱਲੋਂ ਪ੍ਰੀਮੀਅਰ ਦੀ ਇਸ ਗੁਜ਼ਾਰਿਸ਼ ਉੱਤੇ ਸਵਾਲ ਉਠਾਏ ਗਏ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਟਵੀਟ ਕਰਕੇ ਆਖਿਆ ਕਿ ਫੋਰਡ ਅਧਿਆਪਕਾਂ ਨੂੰ ਕਿਸ ਚੀਜ਼ ਦਾ ਬਲੀਦਾਨ ਦੇਣ ਲਈ ਆਖ ਰਹੇ ਹਨ, ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਬਲੀ ਚੜ੍ਹਾਉਣ ਦੀ ਮੰਗ ਕਰ ਰਹੇ ਹਨ? ਉਨ੍ਹਾਂ ਅੱਗੇ ਆਖਿਆ ਕਿ ਪਰਸਨਲ ਸਪੋਰਟ ਵਰਕਰਜ਼ ਨੂੰ ਇਸ ਲਈ ਕੋਵਿਡ ਹੋਇਆ ਤੇ ਉਹ ਮਾਰੇ ਗਏ ਕਿਉਂਕਿ ਫੋਰਡ ਨੇ ਉਨ੍ਹਾਂ ਨੂੰ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ (ਪੀਪੀਈ) ਕਿੱਟਾਂ ਨਹੀਂ ਸਨ ਉਪਲਬਧ ਕਰਵਾਈਆਂ ਤੇ ਹੁਣ ਫੋਰਡ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੇਫ ਰੀਓਪਨਿੰਗ ਨਹੀਂ ਦੇਣਗੇ।

## ਐਚ ਡੀ ਐਸ ਬੀ ਦੇ ਪਹਿਲੀ ਤੋਂ 12ਵੀ ਦੇ ਵਿਦਿਆਰਥੀਆਂ ਨੂੰ ਮਾਸਕਸ ਪਾਉਣੇ ਹੋਣਗੇ ਲਾਜ਼ਮੀ



ਹਾਲਟਨ, 27 ਅਗਸਤ (ਪੋਸਟ ਬਿਊਰੋ) : ਬੀਤੀ ਰਾਤ ਵਰਚੂਅਲ ਟਾਊਨ ਹਾਲ ਮੀਟਿੰਗ ਤੋਂ ਬਾਅਦ ਐਚਡੀਐਸਬੀ (ਹਾਲਟਨ ਡਿਸਟ੍ਰਿਕਟ ਸਕੂਲ ਬੋਰਡ) ਵੱਲੋਂ 14 ਸਤੰਬਰ ਨੂੰ ਸਕੂਲ ਖੋਲ੍ਹਣ ਦੀ ਪੁਸ਼ਟੀ ਕੀਤੀ ਗਈ ਹੈ। ਡਾਇਰੈਕਟਰ ਆਫ ਐਜੂਕੇਸ਼ਨ ਸਟੂਅਰਟ ਮਿਲਰ ਨੇ ਆਖਿਆ ਕਿ ਇਹ ਐਜੂਕੇਸ਼ਨ ਪਲੈਨ ਵੀ ਅਜੇ ਕੱਚ ਘੜਤ ਹੈ ਤੇ ਇਸ ਵਿੱਚ ਕਿਸੇ ਵੀ ਸਮੇਂ ਤਬਦੀਲੀ ਕੀਤੀ ਜਾ ਸਕਦੀ ਹੈ। ਹਾਲਟਨ ਬੋਰਡ ਨੇ ਇਹ ਐਲਾਨ ਵੀ ਕੀਤਾ ਕਿ ਪਹਿਲੀ ਤੋਂ 12ਵੀ ਕਲਾਸ ਦੇ ਬੱਚਿਆਂ ਲਈ ਮਾਸਕਸ ਪਾਉਣੇ ਲਾਜ਼ਮੀ ਹੋਣਗੇ। ਇਹ ਵੀ ਦੱਸਿਆ ਗਿਆ ਕਿ ਇਸ ਸਾਲ 16000 ਵਿਦਿਆਰਥੀ ਆਨਲਾਈਨ ਪੜ੍ਹਾਈ ਕਰਨ ਲਈ ਪਹਿਲਾਂ ਹੀ ਖੁਦ ਨੂੰ ਰਜਿਸਟਰ ਕਰਵਾ ਚੁੱਕੇ ਹਨ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licenced Technician)
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CALL: 905-793-2202
You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ ਵਿੱਚ 51 ਲੋਕਾਂ ਨੂੰ ਮਾਰਨ ਵਾਲੇ ਸ਼ੂਟਰ ਨੂੰ ਸੁਣਾਈ ਗਈ ਉਮਰ ਕੈਦ



ਨਿਊਜੀਲੈਂਡ, 27 ਅਗਸਤ (ਪੋਸਟ ਬਿਊਰੋ) : ਖੁਦ ਨੂੰ ਸਰਬਉੱਚ ਸਮਝਣ ਵਾਲੇ ਗੋਰੀ ਨਸਲ ਦੇ ਇੱਕ ਵਿਅਕਤੀ, ਜਿਸ ਨੇ ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ ਵਿੱਚ 51 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ, ਨੂੰ ਵੀਰਵਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।ਇਸ ਦੌਰਾਨ ਉਸ ਨੂੰ ਪੈਰੋਲ ਵੀ ਨਹੀਂ ਦਿੱਤੀ ਜਾਵੇਗੀ।

ਜੱਜ ਵੱਲੋਂ 29 ਸਾਲਾਂ ਦੇ ਆਸਟਰੇਲੀਆਈ ਗੰਨਮੈਨ ਬ੍ਰੈਂਟਨ ਹੈਰੀਸਨ ਟੈਰੈਂਟ ਨੂੰ ਨਿਊਜ਼ੀਲੈਂਡ ਦੇ ਕਾਨੂੰਨ ਮੁਤਾਬਕ ਸੱਭ ਤੋਂ ਲੰਮੀਂ ਸਜ਼ਾ ਸੁਣਾਈ ਗਈ, ਇਹ ਸਜ਼ਾ ਵੀ ਉਸ ਨੂੰ ਨਿਊਜ਼ੀਲੈਂਡ ਵਿੱਚ ਹੀ ਕੱਟਣੀ ਹੋਵੇਗੀ। ਜੱਜ ਕੈਮਰੂਨ ਮੰਡੇਰ ਨੇ ਸਜ਼ਾ ਸੁਣਾਉਂਦਿਆਂ ਹੋਇਆਂ ਆਖਿਆ ਕਿ ਟੈਰੈਂਟ ਦਾ ਜੁਰਮ ਐਨਾ ਖਤਰਨਾਕ ਹੈ ਕਿ ਉਸ ਲਈ ਵੱਧ ਤੋਂ ਵੱਧ ਸਜ਼ਾ ਵੀ ਬਹੁਤ ਘੱਟ ਹੈ। ਉਨ੍ਹਾਂ ਆਖਿਆ ਕਿ ਇਸ ਸ਼ਖਸ ਵੱਲੋਂ ਕੀਤਾ ਗਿਆ ਕਾਰਾ ਗੈਰ ਮਨੁੱਖੀ ਹੈ।

ਜ਼ਿਕਰਯੋਗ ਹੈ ਕਿ ਮਾਰਚ 2019 ਵਿੱਚ ਅਲ ਨੂਰ ਤੇ ਲਿਨਵੁੱਡ ਮਸਜਿਦਾਂ ਵਿੱਚ ਨਮਾਜ਼ ਅਦਾ ਕਰ ਰਹੇ ਲੋਕਾਂ ਉੱਤੇ ਹੋਏ ਇਸ ਹਮਲੇ ਕਾਰਨ ਨਿਊਜ਼ੀਲੈਂਡ ਹੀ ਨਹੀਂ ਸਗੋਂ ਪੂਰੀ ਦੁਨੀਆ ਦਹਿਲ ਗਈ ਸੀ। ਉਸ ਤੋਂ ਬਾਅਦ ਹੀ ਸੈਮੀ ਆਟੋਮੈਟਿਕ ਹਥਿਆਰਾਂ ਉੱਤੇ ਵੀ ਨਿਊਜ਼ੀਲੈਂਡ ਵਿੱਚ ਪਾਬੰਦੀ ਲਾ ਦਿੱਤੀ ਗਈ। ਇਸ ਵਿਅਕਤੀ ਦੀ ਵਹਿਸ਼ਤ ਇੱਥੇ ਹੀ ਖਤਮ ਨਹੀਂ ਹੋਈ, ਉਸ ਨੇ ਲੋਕਾਂ ਨੂੰ ਮਾਰੇ ਜਾਣ ਦੀ ਸਾਰੀ ਵਾਰਦਾਤ ਦਾ ਲਾਈਵ ਵੀਡੀਓ ਵੀ ਬਣਾਇਆ ਤੇ ਉਸ ਨੂੰ ਫੇਸਬੁੱਕ ਉੱਤੇ ਵੀ ਪੋਸਟ ਕੀਤਾ।

# ਕੋਵਿਡ-19 ਨਾਲ ਨਜਿੱਠਣ ਦੇ ਮਾਮਲੇ ਵਿੱਚ ਕੈਨੇਡਾ ਤੀਜੇ ਸਥਾਨ ਉੱਤੇ



ਓਟਵਾ, 27 ਅਗਸਤ (ਪੋਸਟ ਬਿਊਰੋ) : ਦੁਨੀਆਂ ਭਰ ਦੇ ਲੋਕਾਂ ਤੋਂ ਇੱਕ ਨਵੇਂ ਸਰਵੇਖਣ ਦੌਰਾਨ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੀ ਸਰਕਾਰ ਨੇ ਮਹਾਂਮਾਰੀ ਨਾਲ ਕਿਸ ਤਰ੍ਹਾਂ ਨਜਿੱਠਿਆ ਤਾਂ ਇਸ ਵਿੱਚ ਕੈਨੇਡਾ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ।

ਵਾਸ਼ਿੰਗਟਨ ਵਿੱਚ ਪੀਈਡਬਲਿਊ ਰਿਸਰਚ ਸੈਂਟਰ ਵੱਲੋਂ ਕਰਵਾਏ ਗਏ ਇਸ ਸਰਵੇਖਣ ਅਨੁਸਾਰ ਇਸ ਵਿੱਚ ਹਿੱਸਾ ਲੈਣ ਵਾਲੇ 88 ਫੀ ਸਦੀ ਕੈਨੇਡੀਅਨਾਂ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਨੇ ਕੋਵਿਡ-19 ਮਹਾਂਮਾਰੀ ਨਾਲ ਕਾਫੀ ਵਧੀਆ ਢੰਗ ਨਾਲ ਨਜਿੱਠਿਆ ਹੈ। ਇਸ ਮਾਮਲੇ ਵਿੱਚ ਡੈਨਮਾਰਕ 95 ਫੀ ਸਦੀ ਅੰਕ ਲੈ ਕੇ ਸੱਭ ਤੋਂ ਮੂਹਰੇ ਰਿਹਾ ਹੈ।

ਅਮਰੀਕਾ ਤੇ ਯੂਨਾਈਟਿਡ ਕਿੰਗਡਮ ਇਸ ਸੂਚੀ ਵਿੱਚ ਸੱਭ ਤੋਂ ਹੇਠਲੇ ਪਾਏਦਾਨ ਉੱਤੇ ਰਹੇ ਹਨ। ਇਸ ਦੌਰਾਨ 76 ਫੀ ਸਦੀ ਰਿਪਬਲਿਕਨਜ਼ ਤੇ ਰਿਪਬਲਿਕਨਾਂ ਵੱਲ ਝੁਕਾਅ ਰੱਖਣ ਵਾਲੇ ਇੰਡੀਪੈਂਡੈਂਟਸ ਦਾ ਕਹਿਣਾ ਹੈ ਕਿ ਸਰਕਾਰ ਨੇ ਚੰਗਾਂ ਕੰਮ ਕੀਤਾ ਹੈ। ਇਸ ਨਾਲ 25 ਫੀ ਸਦੀ ਡੈਮੋਕ੍ਰੈਟਸ ਤੇ ਡੈਮੋਕ੍ਰੈਟਿਕ ਝੁਕਾਅ ਵਾਲੇ ਇੰਡੀਪੈਂਡੈਂਟਸ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ। ਅਮਰੀਕਾ ਵਿੱਚ 10 ਵਿੱਚੋਂ ਸਿਰਫ ਦੋ ਵਿਅਕਤੀਆਂ ਦਾ ਮੰਨਣਾ ਹੈ ਕਿ ਦੇਸ਼ ਹੁਣ ਜ਼ਿਆਦਾ ਇੱਕਜੁੱਟ ਹੋਇਆ ਹੈ।

# ਐਚਪੀਵੀ ਵੈਕਸੀਨ ਨਾਲ ਹੁਣ ਹੋ ਸਕੇਗਾ 27 ਤੋਂ 45 ਸਾਲ ਤੱਕ ਦੇ ਪੁਰਸ਼ਾਂ ਦਾ ਇਲਾਜ



ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਪੈਪਿਲੋਮਾਵਾਇਰਸ ਨਾਂ ਦੀ ਬਿਮਾਰੀ ਨਾਲ ਨਜਿੱਠਣ ਲਈ ਮੌਜੂਦਾ ਐਚਪੀਵੀ ਵੈਕਸੀਨ ਰਾਹੀਂ 27 ਤੋਂ 45 ਸਾਲ ਦੇ ਪੁਰਸ਼ਾਂ ਦਾ ਇਲਾਜ ਕਰਨ ਦੀ ਹੈਲਥ ਕੈਨੇਡਾ ਵੱਲੋਂ ਇਜਾਜ਼ਤ ਦੇ ਦਿੱਤੀ ਗਈ ਹੈ। ਇਸ ਦਵਾਈ ਰਾਹੀਂ ਹੁਣ 45 ਸਾਲ ਤੱਕ ਦੇ ਪੁਰਸ਼ਾਂ ਵਿੱਚ ਗੁਪਤ ਅੰਗਾਂ ਦੇ ਕੈਂਸਰ, ਮੌਕ੍ਰਿਆਂ, ਗੁਦਾ ਦੇ ਜ਼ਖ਼ਮਾਂ ਆਦਿ ਦਾ ਇਲਾਜ ਹੋ ਸਕੇਗਾ।

ਇਹ ਮਨਜ਼ੂਰੀ ਵੀਰਵਾਰ ਨੂੰ ਦਿੱਤੀ ਗਈ। ਹੈਲਥ ਕੈਨੇਡਾ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਗਾਰਡਾਸਿਲ 9 ਦਵਾਈ ਨਾਲ ਹੁਣ 27 ਤੋਂ 45 ਸਾਲਾਂ ਤੱਕ ਦੇ ਪੁਰਸ਼ਾਂ ਦਾ ਇਲਾਜ ਹੋ ਸਕੇਗਾ। ਗਾਰਡਾਸਿਲ ਦੇ ਨਿਰਮਾਤਾ ਮੈਰੇਕ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਅਨੁਸਾਰ ਐਚਪੀਵੀ ਵੈਕਸੀਨ ਨੌਂ ਤਰ੍ਹਾਂ ਦੇ ਸਟਰੇਨਜ਼ ਖਿਲਾਫ ਹਿਫਾਜ਼ਤ ਕਰਦੀ ਹੈ, ਜੋ ਕਿ 75 ਫੀ ਸਦੀ ਗੁਦਾ ਕੈਂਸਰਜ਼, 90 ਫੀ ਸਦੀ ਗੁਪਤ ਅੰਗਾਂ ਦੇ ਮੌਕ੍ਰਿਆਂ, 57 ਫੀ ਸਦੀ ਗੁਪਤ ਅੰਗ ਦੇ ਕੈਂਸਰ ਲਈ ਜ਼ਿੰਮੇਵਾਰ ਹੁੰਦੇ ਹਨ।

ਗਾਰਡਾਸਿਲ 9 ਨੂੰ 2015 ਵਿੱਚ ਕੈਨੇਡਾ ਵਿੱਚ ਲਾਂਚ ਕੀਤਾ ਗਿਆ ਸੀ। ਪਹਿਲਾਂ ਇਸ ਨੂੰ 9 ਸਾਲ ਦੇ ਲੜਕਿਆਂ ਤੋਂ ਲੈ ਕੇ 26 ਸਾਲਾਂ ਦੇ ਪੁਰਸ਼ਾਂ ਅਤੇ 9 ਸਾਲ ਦੀਆਂ ਕੁੜੀਆਂ ਤੋਂ ਲੈ ਕੇ 45 ਸਾਲ ਦੀਆਂ ਮਹਿਲਾਵਾਂ ਲਈ ਮਨਜ਼ੂਰੀ ਦਿੱਤੀ ਗਈ ਸੀ। ਟੋਰਾਂਟੋ ਤੋਂ ਮਹਿਲਾਵਾਂ ਦੀ ਸਿਹਤ ਮਾਹਿਰ ਡਾ. ਕ੍ਰਿਸਟੀਨ ਪਾਲਮੇ ਨੇ ਆਖਿਆ ਕਿ ਇਸ ਨਾਲ ਹੁਣ ਪੁਰਸ਼ਾਂ ਵਿੱਚ ਕੈਂਸਰ ਰੋਕਣ ਦਾ ਨਵਾਂ ਰਾਹ ਖੁੱਲ੍ਹ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਇੱਕ ਸਕਾਰਾਤਮਕ ਕਦਮ ਹੈ।

# ਚੋਰੀ ਦੀ ਗੱਡੀ ਵਿੱਚ ਪੁਲਿਸ ਅਧਿਕਾਰੀ ਨੂੰ ਟੱਕਰ ਮਾਰਨ ਵਾਲੇ ਦੋ ਵਿਅਕਤੀ ਗ੍ਰਿਫਤਾਰ



ਬਰਲਿੰਗਟਨ, 27 ਅਗਸਤ ( ਪੋਸਟ ਬਿਊਰੋ) : ਹਾਲਟਨ ਪੁਲਿਸ ਦਾ ਕਹਿਣਾ ਹੈ ਕਿ ਇੱਕ ਗੱਡੀ ਚੋਰੀ ਕਰਨ ਤੋਂ ਬਾਅਦ ਬਰਲਿੰਗਟਨ ਵਿੱਚ ਇੱਕ ਅਧਿਕਾਰੀ ਨੂੰ ਟੱਕਰ ਮਾਰਨ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਬੁੱਧਵਾਰ ਨੂੰ ਰਾਤੀਂ 10:30 ਵਜੇ ਕਈ ਲੋਕਾਂ ਨੇ ਇੱਕ ਮਰਸਡੀਜ਼ ਨੂੰ ਕਿਊਈਡਬਲਿਊ ਉੱਤੇ ਵਿੰਗਾ ਟੇਢਾ ਜਾਂਦਿਆਂ ਵੇਖਿਆ। ਫਿਰ ਅਧਿਕਾਰੀਆਂ ਨੇ ਵਾਕਰਜ਼ ਲਾਈਨ ਨੇੜੇ ਗੈਸ ਸਟੇਸ਼ਨ ਉੱਤੇ ਇਸ ਸ਼ੱਕੀ ਗੱਡੀ ਨੂੰ ਵੇਖਿਆ। ਪੁਲਿਸ ਦੀਆਂ ਗੱਡੀਆਂ ਨੇ ਇਸ ਮਰਸਡੀਜ਼ ਨੂੰ ਘੇਰਾ ਪਾ ਲਿਆ ਤੇ ਇੱਕ ਅਧਿਕਾਰੀ ਨੇ ਉਸ ਸ਼ੱਕੀ ਗੱਡੀ ਦੇ ਡਰਾਈਵਰ ਨਾਲ ਗੱਲਬਾਤ ਸ਼ੁਰੂ ਕੀਤੀ। ਪਰ ਡਰਾਈਵਰ ਆਪਣੀ ਕਾਰ ਵਿੱਚ ਪਰਤਿਆ, ਉਸ ਨੇ ਗੱਡੀ ਮੋੜੀ ਤੇ ਪੁਲਿਸ ਦੀ ਗੱਡੀ ਨੂੰ ਟੱਕਰ ਮਾਰ ਦਿੱਤੀ।

ਨਤੀਜੇ ਵਜੋਂ ਇੱਕ ਅਧਿਕਾਰੀ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ। ਇਸ ਤੋਂ ਬਾਅਦ ਸਦਰਲੈਂਡ ਕ੍ਰੀਸੈਂਟ ਦੇ ਇੱਕ ਘਰ ਦੇ ਡਰਾਈਵ-ਵੇਅ ਵਿੱਚ ਪਾਰਕ ਕੀਤੀ ਇਸ ਗੱਡੀ ਨੂੰ ਪੁਲਿਸ ਮੁੜ ਘੇਰਾ ਪਾਉਣ ਵਿੱਚ ਸਫਲ ਹੋ ਗਈ। ਦੋ ਵਿਅਕਤੀਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਵੱਲੋਂ ਟੇਜ਼ਰ ਲਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਬਰੈਂਪਟਨ ਤੋਂ 29 ਸਾਲਾ ਵਿਅਕਤੀ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ, ਇਨ੍ਹਾਂ ਵਿੱਚ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ, ਪੁਲਿਸ ਉੱਤੇ ਹਮਲਾ ਕਰਨ ਤੇ ਪੁਲਿਸ ਤੋਂ ਬਚ ਕੇ ਭੱਜਣ ਦੀ ਕੋਸ਼ਿਸ਼ ਵਰਗੇ ਚਾਰਜਿਜ਼ ਸ਼ਾਮਲ ਹਨ। ਟੋਰਾਂਟੋ ਦੇ 32 ਸਾਲਾ ਵਿਅਕਤੀ, ਜੋ ਕਿ ਗੱਡੀ ਵਿੱਚ ਡਰਾਈਵਰ ਦੇ ਨਾਲ ਮੌਜੂਦ ਸੀ, ਉੱਤੇ ਚੋਰੀ ਦੀ ਗੱਡੀ ਕੋਲ ਰੱਖਣ ਤੇ ਪੁਲਿਸ ਦੇ ਰਾਹ ਵਿੱਚ ਰੋੜੇ ਅਟਕਾਉਣ ਦੇ ਚਾਰਜਿਜ਼ ਲਾਏ ਗਏ ਹਨ।

## ਬ੍ਰਿਟੇਨ ਵਿੱਚ ਪਾਕਿਸਤਾਨੀ ਗੈਂਗਸਟਰਾਂ ਦੀ 166 ਕਰੋੜ ਰੁਪਏ ਦੀ ਜਾਇਦਾਦ ਜ਼ਬਤ

ਲੰਡਨ, 27 ਅਗਸਤ (ਪੋਸਟ ਬਿਊਰੋ)- ਨਸ਼ੀਲੇ ਪਦਰਾਥਾਂ ਦੀ ਤਸਕਰੀ ਵਿੱਚ ਸ਼ਾਮਲ ਪਾਕਿਸਤਾਨੀ ਗੈਂਗ ਦੇ ਪਰਦਾਫਾਸ਼ ਹੋਣ ਪਿਛੋਂ ਬ੍ਰਿਟੇਨ ਦੀ ਨੈਸ਼ਨਲ ਕ੍ਰਾਈਮ ਏਜੈਂਸੀ (ਐਨ ਸੀ ਏ) ਨੇ ਗੈਂਗ ਦੀ ਵੱਡੇ ਪੱਧਰ ਤੇ ਜਾਇਦਾਦ ਜ਼ਬਤ ਕੀਤੀ ਹੈ। ਐਨ ਸੀ ਏ ਨੇ ਅੱਠ ਸਾਲ ਦੀ ਜਾਂਚ ਦੌਰਾਨ ਪਾਕਿਸਤਾਨ ਦੇ ਇਸ ਗੈਂਗ ਦੀਆਂ ਕੁਲ 59 ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਨ੍ਹਾਂ ਦੀ ਕੀਮਤ 17 ਮਿਲੀਅਨ ਪੌਂਡ ਦੱਸੀ ਗਈ ਹੈ। ਐਨ ਸੀ ਏ ਦੇ ਜਾਂਚ ਕਰਤਾਵਾਂ ਨੇ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਕਰਨ ਵਾਲੇ ਇਸ ਗੈਂਗ ਨੂੰ ਫੜਿਆ ਸੀ। ਇਸ ਕੇਸ ਵਿੱਚ ਗੈਂਗ ਦੇ ਸਰਗਣਾ ਇਮਰਾਨ ਜੇਬ ਖਾਨ ਸਣੇ ਅੱਠ ਲੋਕਾਂ ਨੂੰ ਜੁਲਾਈ 2017 ਵਿੱਚ ਕੁਲ 139 ਸਾਲ ਕੈਦ ਦੀ ਸਜਾ ਸੁਣਾਈ ਗਈ ਸੀ। ਇਸ ਦੇ ਬਾਅਦ ਇਨ੍ਹਾਂ ਦੀ ਕਾਲੀ ਕਮਾਈ ਤੋਂ ਖੜ੍ਹੀ ਕੀਤੀਆਂ ਨਿੱਜੀ ਜਾਇਦਾਦਾਂ ਦੀ ਤਲਾਸ਼ ਸ਼ੁਰੂ ਹੋਈ ਸੀ। ਉਤਰੀ ਮਿਡਲੈਂਡਸ ਤੋਂ ਚੱਲਦੇ ਗੈਂਗ ਦੇ ਮੈਂਬਰਾਂ ਨੇ ਬਹੁਤੀਆਂ ਜਾਇਦਾਦਾਂ ਉਤਰੀ ਆਇਰਲੈਂਡ ਵਿੱਚ ਸਮੁੰਦਰ ਦੇ ਕਿਨਾਰੇ ਵੱਸੇ ਬਾਂਗੋਰ ਸ਼ਹਿਰ ਵਿੱਚ ਖ਼ਰੀਦੀਆਂ ਸਨ।

# ਡੈਨਫੋਰਥ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਡੈਨਫੋਰਥ, 27 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਡੈਨਫੋਰਥ ਐਵਨਿਊ ਤੇ ਕਾਰਲਾਅ ਐਵਨਿਊ ਇਲਾਕੇ ਵਿੱਚ ਸਵੇਰ ਸਮੇਂ ਗੋਲੀਆਂ ਚੱਲਣ ਦੀ ਰਿਪੋਰਟ ਪੁਲਿਸ ਨੂੰ ਤੜ੍ਹਕੇ 2:34 ਉੱਤੇ ਮਿਲੀ।

ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਅਕਤੀ ਨੂੰ ਗੋਲੀ ਲੱਗਣ ਕਾਰਨ ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਪਰ ਉਹ ਖਤਰੇ ਤੋਂ ਬਾਹਰ ਦੱਸਿਆ ਜਾਂਦਾ ਹੈ।

ਗੋਲੀਆਂ ਚੱਲਣ ਤੋਂ ਪਹਿਲਾਂ ਮਸ਼ਕੂਕ ਤੇ ਘਟਨਾ ਵਿੱਚ ਜ਼ਖ਼ਮੀ ਹੋਏ ਵਿਅਕਤੀ ਵਿਚਾਲੇ ਬਹਿਸ ਹੋਣ ਦਾ ਵੀ ਪਤਾ ਲੱਗਿਆ ਹੈ। ਪੁਲਿਸ ਅਜੇ ਵੀ ਮਸ਼ਕੂਕ ਦੀ ਭਾਲ ਕਰ ਰਹੀ ਹੈ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੈਨੋਸ਼ਾ ਵਿੱਚ 2 ਵਿਅਕਤੀਆਂ ਨੂੰ ਮਾਰਨ ਤੇ ਇੱਕ ਨੂੰ ਜ਼ਖ਼ਮੀ ਕਰਨ ਵਾਲੇ ਟੀਨੇਜਰ ਨੂੰ ਕੀਤਾ ਗਿਆ ਚਾਰਜ



ਵਿਸਕੌਨਸਿਨ, 27 ਅਗਸਤ (ਪੋਸਟ ਬਿਊਰੋ) : ਜੇਕਬ ਬਲੇਕ ਨਾਂ ਦੇ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀਆਂ ਮਾਰ ਕੇ ਅਪਾਹਜ ਕੀਤੇ ਜਾਣ ਖਿਲਾਫ ਕੈਨੋਸ਼ਾ, ਵਿਸਕੌਨਸਿਨ ਵਿੱਚ ਚੱਲ ਰਹੇ ਮੁਜ਼ਾਹਰਿਆਂ ਦੌਰਾਨ ਦੋ ਵਿਅਕਤੀਆਂ ਦੀ ਗੋਲੀ ਮਾਰ ਕੇ ਜਾਨ ਲੈਣ ਤੇ ਤੀਜੇ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਇਲੀਨੌਇਸ ਦੇ 17 ਸਾਲਾ ਲੜਕੇ ਨੂੰ ਵੀਰਵਾਰ ਨੂੰ ਚਾਰਜ ਕੀਤਾ ਗਿਆ ਹੈ।

ਕਾਇਲ ਰਿਟਨਹਾਊਸ ਉੱਤੇ ਸੋਚ ਸਮਝ ਕੇ ਕਤਲ ਕਰਨ ਦੇ ਮਾਮਲੇ ਵਿੱਚ ਫਰਸਟ-ਡਿਗਰੀ ਮਰਡਰ, ਲਾਪਰਵਾਹੀ ਨਾਲ ਕਿਸੇ ਦੀ ਜਾਨ ਲੈਣ ਦੇ ਮਾਮਲੇ ਵਿੱਚ ਫਰਸਟ ਡਿਗਰ ਮਰਡਰ, ਕਤਲ ਕਰਨ ਦੇ ਇਰਾਦੇ ਨਾਲ ਕਿਸੇ ਉੱਤੇ ਜਾਨਲੇਵਾ ਹਮਲਾ ਕਰਨ ਲਈ ਫਰਸਟ ਡਿਗਰੀ ਤੇ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣ ਲਈ ਵੀ ਫਰਸਟ ਡਿਗਰੀ ਦੇ ਦੋ ਚਾਰਜ ਲਾਏ ਗਏ ਹਨ। ਜੇ ਫਰਸਟ ਡਿਗਰੀ ਕਤਲ ਦਾ ਮਾਮਲਾ ਸਿੱਧ ਹੋ ਜਾਂਦਾ ਹੈ ਤਾਂ ਕਾਇਲ ਨੂੰ ਲਾਜ਼ਮੀ ਤੌਰ ਉੱਤੇ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

ਮੰਗਲਵਾਰ ਨੂੰ ਵਾਪਰੀ ਇਸ ਘਟਨਾ ਦੀ ਕਿਸੇ ਵੱਲੋਂ ਸੈੱਲਫੋਨ ਉੱਤੇ ਵੀਡੀਓ ਬਣਾ ਕੇ ਆਨਲਾਈਨ ਪੋਸਟ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਐਤਵਾਰ ਨੂੰ 29 ਸਾਲਾਂ ਦੇ ਬਲੇਕ, ਜੋ ਕਿ ਛੇ ਬੱਚਿਆਂ ਦਾ ਪਿਤਾ ਹੈ, ਨੂੰ ਪੁਲਿਸ ਵੱਲੋਂ ਸੱਤ ਗੋਲੀਆਂ ਮਾਰ ਕੇ ਉਮਰ ਭਰ ਲਈ ਅਪਾਹਜ ਕਰ ਦਿੱਤੇ ਜਾਣ ਤੋਂ ਬਾਅਦ ਨਸਲੀ ਅਨਿਆਂ ਖਿਲਾਫ ਕੈਨੋਸ਼ਾ ਦੇ ਲੋਕ ਸੜਕਾਂ ਉੱਤੇ ਉਤਰ ਆਏ ਸਨ।

ਚਸ਼ਮਦੀਦਾਂ ਤੋਂ ਇਲਾਵਾ ਵੀਡੀਓ ਫੁਟੇਜ ਵਿੱਚ ਵੀ ਇਹ ਨਜ਼ਰ ਆਉਂਦਾ ਹੈ ਕਿ ਕੈਨੋਸ਼ਾ ਵਿੱਚ ਲੋਕਾਂ ਉੱਤੇ ਸ਼ਰੇਆਮ ਗੋਲੀਆਂ ਚਲਾਉਣ ਵਾਲੇ ਇਸ ਨੌਜਵਾਨ ਨੂੰ ਪੁਲਿਸ ਨੇ ਕੁੱਝ ਨਹੀਂ ਆਖਿਆ। ਉਹ ਆਪਣੇ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਬੜੀ ਟੌਹਰ ਨਾਲ ਆਪਣੇ ਮੋਢਿਆਂ ਉੱਤੇ ਰਾਈਫਲ ਰੱਖ ਕੇ ਪੁਲਿਸ ਦੇ ਸਾਹਮਣਿਓਂ ਲੰਘਿਆਂ ਤੇ ਪੁਲਿਸ ਅਧਿਕਾਰੀਆਂ ਵਿੱਚੋਂ ਕਿਸੇ ਨੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਜਦਕਿ ਉੱਥੇ ਮੌਜੂਦ ਲੋਕ ਉਸ ਨੂੰ ਗ੍ਰਿਫਤਾਰ ਕਰਨ ਲਈ ਰੌਲਾ ਪਾਉਂਦੇ ਰਹੇ।

# ਭਾਰਤ ਵਿੱਚ ਇਕੋ ਦਿਨ ਕੋਰੋਨਾ ਦੇ ਰਿਕਾਰਡ 75 ਹਜ਼ਾਰ ਤੋਂ ਵੱਧ ਨਵੇਂ ਕੇਸ ਮਿਲੇ

* ਪੰਜਾਬ ਵਿੱਚਵੀ ਕੋਰੋਨਾ ਦੀ ਮਾਰ ਹੋਰ ਵਧੀ



ਨਵੀਂ ਦਿੱਲੀ, 28 ਅਗਸਤ, (ਪੋਸਟ ਬਿਊਰੋ)-ਭਾਰਤ ਵਿੱਚ ਪਹਿਲੀ ਵਾਰ ਇਕੋ ਦਿਨਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ 75 ਹਜ਼ਾਰ ਤੋਂ ਪਾਰ ਹੋਈ ਹੈ। ਸਿਹਤ ਮੰਤਰਾਲੇ ਵੱਲੋਂ ਵੀਰਵਾਰ ਸਵੇਰੇ ਦਿੱਤੀ ਜਾਣਕਾਰੀ ਮੁਤਾਬਕ ਚੌਵੀ ਘੰਟੇ ਵਿੱਚ 75,760 ਨਵੇਂ ਕੇਸ ਮਿਲੇ ਅਤੇ 1023 ਲੋਕਾਂ ਦੀ ਏਨੇ ਸਮੇਂ ਵਿੱਚ ਮੌਤ ਹੋਈ ਹੈ।

ਅੱਜ ਭਾਰਤ ਦੀ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ ਇਸ ਦੇਸ਼ ਵਿੱਚ ਕੋਰੋਨਾ ਵਾਇਰਸ ਦੇ ਕੁੱਲ ਕੇਸਾਂ ਦੀ ਗਿਣਤੀ 33 ਲੱਖ 84 ਹਜ਼ਾਰ ਤੋਂ ਟੱਪ ਗਈ ਹੈ ਅਤੇ ਇਸ ਦੌਰਾਨ 61,694 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਭ ਤੋਂ ਵੱਧ ਮਾਰ ਹੇਠ ਆਏ ਮਹਾਰਾਸ਼ਟਰ ਵਿੱਚ ਮੌਤਾਂ ਦੀ ਗਿਣਤੀ 23,089 ਹੋ ਚੁੱਕੀ ਹੈ, ਜਦ ਕਿ ਤਾਮਿਲ ਨਾਡੂ ਵਿੱਚ 6839 ਤੇ ਕਰਨਾਟਕਾ ਵਿੱਚ 5091 ਮੌਤਾਂ ਹੋ ਚੁੱਕੀਆਂ ਹਨ। ਦਿੱਲੀ ਵਿੱਚ 4347, ਆਂਧਰਾ ਪ੍ਰਦੇਸ਼ ਵਿੱਚ 3541, ਉੱਤਰ ਪ੍ਰਦੇਸ਼ ਵਿੱਚ 3149 ਅਤੇ ਪੱਛਮੀ ਬੰਗਾਲ ਵਿੱਚ 2964 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਪੰਜਾਬ ਵਿੱਚ ਬੀਤੇ 24 ਘੰਟਿਆਂ ਵਿੱਚ 1746 ਨਵੇਂ ਕੇਸ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ 47836 ਹੋ ਚੁੱਕੀ ਹੈ ਅਤੇ ਇਸ ਰਾਜ ਵਿੱਚ ਮੌਤਾਂ ਦੀ ਗਿਣਤੀ 12 ਸੌ ਤੋਂ ਟੱਪ ਚੁੱਕੀ ਹੈ।









# ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਦੋ ਬਿਲੀਅਨ ਡਾਲਰ ਹੋਰ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ : ਟਰੂਡੋ



ਓਟਵਾ, 27 ਅਗਸਤ (ਪੋਸਟ ਬਿਊਰੋ) : ਅਗਲੇ ਮਹੀਨੇ ਤੋਂ ਬੱਚੇ ਸੁਰੱਖਿਅਤ ਢੰਗ ਨਾਲ ਸਕੂਲ ਜਾ ਸਕਣ ਇਸ ਲਈ ਫੈਡਰਲ ਸਰਕਾਰ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਦੋ ਬਿਲੀਅਨ ਡਾਲਰ ਦੀ ਹੋਰ ਰਕਮ ਮੁਹੱਈਆ ਕਰਵਾ ਰਹੀ ਹੈ।

ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਬੁੱਧਵਾਰ ਨੂੰ ਟੋਰਾਂਟੋ ਦੇ ਸਕੂਲ ਵਿੱਚ ਐਲਾਨ ਕੀਤਾ ਜਾਵੇਗਾ। ਟਰੂਡੋ ਵੱਲੋਂ ਕੋਵਿਡ-19 ਨਾਲ ਸੰਘਰਸ਼ ਕਰ ਰਹੇ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਪਹਿਲਾਂ 19 ਬਿਲੀਅਨ ਡਾਲਰ ਦੀ ਮਦਦ ਦਾ ਜੋ ਵਾਅਦਾ ਕੀਤਾ ਗਿਆ ਸੀ, ਇਹ ਰਕਮ ਉਸ ਤੋਂ ਵੱਖਰੀ ਹੋਵੇਗੀ। ਇਸ ਯੋਜਨਾ ਬਾਰੇ ਟਰੂਡੋ ਨੇ ਮੰਗਲਵਾਰ ਦੁਪਹਿਰ ਨੂੰ ਕਾਨਫਰੰਸ ਕਾਲ ਦੌਰਾਨ ਪ੍ਰੀਮੀਅਰਜ਼ ਨੂੰ ਜਾਣੂ ਕਰਵਾਇਆ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਸੂਤਰਾਂ ਨੇ ਦੱਸਿਆ ਕਿ ਇਹ ਰਕਮ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ ਵੰਡੀ ਜਾਵੇਗੀ। ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਆਪਣੀਆਂ ਲੋੜਾਂ ਦੇ ਹਿਸਾਬ ਨਾਲ ਇਸ ਦੀ ਵਰਤੋਂ ਕਰ ਸਕਣਗੇ।

# ਓਨਟਾਰੀਓ ਸਰਕਾਰ ਨੇ ਇੰਡੋਰਜ਼ ਵਿੱਚ 50 ਤੇ ਆਊਟਡੋਰ ਵਾਸਤੇ 100 ਵਿਅਕਤੀਆਂ ਦੇ ਇੱਕਠ ਦੀ ਖੁੱਲ੍ਹ ਦਿੱਤੀ



ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਹੋਟਲਾਂ ਜਾਂ ਕਨਵੈਨਸ਼ਨ ਸੈਂਟਰਾਂ ਵਰਗੀਆਂ ਵੱਡੀਆਂ ਫੈਸਿਲਿਟੀਜ਼ ਦੇ ਅੰਦਰ ਇੱਕਠ ਦੀ ਸਮਰੱਥਾ ਪ੍ਰਤੀ ਮੀਟਿੰਗ ਰੂਮ ਵਧਾ ਕੇ 50 ਵਿਅਕਤੀ ਕਰ ਦਿੱਤੀ ਗਈ ਹੈ।

ਕੋਵਿਡ-19 ਮਹਾਂਮਾਰੀ ਜਦੋਂ ਆਪਣੇ ਚਰਮ ਉੱਤੇ ਸੀ ਤਾਂ ਪ੍ਰੋਵਿੰਸ ਵੱਲੋਂ ਲੋਕਾਂ ਦੇ ਇੱਕਠ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। ਹੁਣ ਜਦੋਂ ਇਨਫੈਕਸ਼ਨ ਘਟੀ ਹੈ ਤਾਂ ਸਰਕਾਰ ਵੱਲੋਂ ਕੁੱਝ ਪਾਬੰਦੀਆਂ ਵੀ ਹਟਾਈਆਂ ਗਈਆਂ ਹਨ। ਓਨਟਾਰੀਓ ਦੇ ਜਿਹੜੇ ਰੀਜਨ ਤੀਜੇ ਪੜਾਅ ਵਿੱਚ ਪਹੁੰਚ ਗਏ ਹਨ ਉਨ੍ਹਾਂ ਨੂੰ ਇੰਡੋਰਜ਼ ਵਿੱਚ 50 ਵਿਅਕਤੀਆਂ ਤੇ ਆਊਟਡੋਰ ਵਾਸਤੇ 100 ਵਿਅਕਤੀਆਂ ਦਾ ਇੱਕਠ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਹੈ।

ਕੁੱਝ ਫੈਸਿਲਿਟੀਜ਼ ਜਿਵੇਂ ਕਿ ਜਿੰਮਜ਼ ਤੇ ਮੂਵੀ ਥਿਏਟਰ ਨੂੰ ਆਪਣੀ ਸਮਰੱਥਾ ਵਿੱਚ ਵਾਧਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਅਜਿਹੀਆਂ ਫੈਸਿਲਿਟੀਜ਼ ਵੱਲੋਂ ਸਾਰੇ ਸੇਫਟੀ ਮਾਪਦੰਡਾਂ ਦੀ ਸਹੀ ਢੰਗ ਨਾਲ ਪਾਲਣਾ ਦਾ ਮੁਜ਼ਾਹਰਾ ਕੀਤੇ ਜਾਣ ਤੋਂ ਬਾਅਦ ਇਹ ਇਜਾਜ਼ਤ ਦਿੱਤੀ ਗਈ ਹੈ। ਇਕ ਨਵੀਂ ਰਲੀਜ਼ ਵਿੱਚ ਓਨਟਾਰੀਓ ਸਰਕਾਰ ਨੇ ਆਖਿਆ ਕਿ ਕਨਵੈਨਸ਼ਨ ਸੈਂਟਰ, ਹੋਟਲ, ਬੈਂਕੁਏ-ਅਟ ਹਾਲ, ਰਿਜ਼ੌਰਟਜ਼ ਅਤੇ ਕਾਨਫਰੰਸ ਸੈਂਟਰਜ਼ ਨੂੰ ਵੀ ਆਪਣੀ ਸਮਰੱਥਾ ਵਧਾਉਣ ਦੀ ਖੁੱਲ੍ਹ ਦਿੱਤੀ ਜਾਵੇਗੀ।

# ਸਿਆਸੀ ਚਾਲਾਂ ਚੱਲ ਰਹੀਆਂ ਹਨ ਵਿਰੋਧੀ ਧਿਰਾਂ : ਫੋਰਡ

ਓਨਟਾਰੀਓ, 27 ਅਗਸਤ (ਪੋਸਟ ਬਿਊਰੋ) : ਆਪਣੇ ਬੈਕ ਟੂ ਸਕੂਲ ਪਲੈਨ ਦਾ ਪ੍ਰਚਾਰ ਕਰਨ ਲਈ ਫੋਰਡ ਸਰਕਾਰ ਵੱਲੋਂ ਅੱਜਕੱਲ੍ਹ ਨਵੀਂ ਐਡਵਰਟਾਈਜ਼ਿੰਗ ਕੈਂਪੇਨ ਸ਼ੁਰੂ ਕੀਤੀ ਗਈ ਹੈ।

ਅੱਜ ਇਟੋਬੀਕੋ ਵਿੱਚ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਜਿਹੜੇ ਸਿਆਸਤਦਾਨ ਇਨ੍ਹਾਂ ਇਸ਼ਤਿਹਾਰਾਂ ਦਾ ਵਿਰੋਧ ਕਰ ਰਹੇ ਹਨ ਉਹ ਹੋਰ ਕੁੱਝ ਨਹੀਂ ਸਗੋਂ ਸਿਆਸੀ ਚਾਲਾਂ ਚੱਲ ਰਹੇ ਹਨ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਉਹ ਗਲਤ ਹੋਣ ਪਰ ਮਾਪਿਆਂ ਨਾਲ ਗੱਲਬਾਤ ਕਰਨਾ ਬੇਹੱਦ ਜ਼ਰੂਰੀ ਹੈ। ਜਿਹੜੀ ਗੰਦੀ ਰਾਜਨੀਤੀ ਦਾ ਸਹਾਰਾ ਹੋਰ ਲੋਕ ਲੈ ਰਹੇ ਹਨ ਅਸੀਂ ਉਸ ਵਿੱਚ ਨਹੀਂ ਪੈਣਾ ਚਾਹੁੰਦੇ।

ਓਨਟਾਰੀਓ ਦੀ ਐਨਡੀਪੀ ਆਗੂ ਐਂਡਰੀਆ ਹੌਰਵਥ ਤੇ ਉਨ੍ਹਾਂ ਦੇ ਪਾਰਟੀ ਮੈਂਬਰਾਂ ਤੋਂ ਇਲਾਵਾ ਲਿਬਰਲ ਪਾਰਟੀ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਜਿਨ੍ਹਾਂ ਪੈਸਿਆਂ ਨਾਲ ਇਹ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ ਉਹ ਹੋਰਨਾਂ ਜ਼ਰੂਰੀ ਥਾਂਵਾਂ ਉੱਤੇ ਲਾਏ ਜਾਣੇ ਚਾਹੀਦੇ ਹਨ।

# ਹੁਣ ਸੁਣਨ ਨੂੰ ਨਹੀ ਮਿਲੇਗਾ ਫਿੰਗਰ ਲਿਕਿੰਗ ਗੁੱਡ




ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ) : ਹੁਣ ਫਿੰਗਰ ਲਿਕਿੰਗ ਗੁੱਡ ਸਲੋਗਨ ਜਲਦੀ ਸੁਣਨ ਨੂੰ ਨਹੀ ਮਿਲੇਗਾ। ਕੈਂਟਕੀ ਫਰਾਈਡ ਚਿਕਨ (ਕੇਐਫਸੀ) ਨੇ ਇਹ ਫੈਸਲਾ ਕੀਤਾ ਹੈ ਕਿ ਦੁਨੀਆ ਭਰ ਵਿੱਚ ਫੈਲੀ ਕਰੋਨਾਵਾਇਰਸ ਮਹਾਂਮਾਰੀ ਕਾਰਨ ਉਨ੍ਹਾਂ ਵੱਲੋਂ ਇਸ ਸਲੋਗਨ ਦੀ ਵਰਤੋਂ ਹਾਲ ਦੀ ਘੜੀ ਨਹੀ ਕੀਤੀ ਜਾਵੇਗੀ। ਕੰਪਨੀ ਪਿਛਲੇ 64 ਸਾਲਾਂ ਤੋਂ ਇਸ ਸਲੋਗਨ ਦੀ ਵਰਤੋਂ ਕਰਦੀ ਆਈ ਹੈ।

ਕੇਐਫਸੀ ਦੀ ਗਲੋਬਲ ਚੀਫ ਮਾਰਕਿਟਿੰਗ ਆਫੀਸਰ ਕੈਥਰੀਨ ਟੈਨ ਗਿਲੈਸਪੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਮੇਂ ਅਸੀ ਵੱਖਰੇ ਹਾਲਾਤ ਵਿੱਚ ਹਾਂ ਤੇ ਮੌਜੂਦਾ ਮਾਹੌਲ ਵਿੱਚ ਸਾਡਾ ਇਹ ਸਲੋਗਨ ਢੁਕਵਾਂ ਨਹੀ ਬੈਠਦਾ। ਕੰਪਨੀ ਨੇ ਇਹ ਵੀ ਸਪਸ਼ਟ ਕੀਤਾ ਕਿ ਮੈਨਿਊ ਨਹੀ ਬਦਲ ਰਿਹਾ ਤੇ ਕੰਪਨੀ ਇਸ ਸਲੋਗਨ ਤੋਂ ਖਹਿੜਾ ਵੀ ਨਹੀ ਛੁਡਾ ਰਹੀ ਬੱਸ ਜਦੋਂ ਢੁਕਵਾਂ ਸਮਾਂ ਆਵੇਗਾ ਤਾਂ ਇਸ ਸਲੋਗਨ ਨੂੰ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ।

ਕੇਐਫਸੀ ਵੱਲੋਂ ਮਾਰਚ ਵਿੱਚ ਆਪਣੇ ਬਹੁਤੇ ਰੈਸਟੋਰੈਂਟਸ ਬੰਦ ਕਰ ਦਿੱਤੇ ਗਏ ਸਨ। ਪਰ ਇਨ੍ਹਾਂ ਤਣਾਅ ਭਰੇ ਸਮਿਆਂ ਵਿੱਚ ਲੋਕਾਂ ਵੱਲੋਂ ਮੰਗ ਕੀਤੇ ਜਾਣ ਤੋਂ ਬਾਅਦ ਕੇਐਫਸੀ ਨੇ ਨਵੇਂ ਸੇਫਟੀ ਫੀਚਰਜ਼ ਤੇ ਸਿਹਤ ਸਬੰਧੀ ਪ੍ਰੋਟੋਕਾਲ ਸ਼ੁਰੂ ਕੀਤੇ ਸਨ।

# ਬੱਕਜ਼ ਵੱਲੋਂ ਮੈਚ ਦਾ ਬਾਈਕਾਟ ਕਰਨ ਤੋਂ ਬਾਅਦ ਐਨਬੀਏ ਨੇ ਮੁਲਤਵੀ ਕੀਤੀਆਂ ਆਪਣੀਆਂ ਗੇਮਜ਼




ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਵਿਸਕੌਨਸਿਨ ਵਿੱਚ ਜੇਕਬ ਬਲੇਕ ਨਾਂ ਦੇ ਸਿਆਹ ਨਸਲ ਦੇ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀਆਂ ਮਾਰ ਕੇ ਜ਼ਿੰਦਗੀ ਭਰ ਲਈ ਅਪਾਹਜ ਕੀਤੇ ਜਾਣ ਖਿਲਾਫ ਐਨਬੀਏ ਨੇ ਬੁੱਧਵਾਰ ਦੀਆਂ ਆਪਣੀਆਂ ਗੇਮਜ਼ ਮੁਲਤਵੀ ਕਰ ਦਿੱਤੀਆਂ। ਇਸ ਮੁੱਦੇ ਉੱਤੇ ਓਰਲੈਂਡੋ ਮੈਜਿਕ ਨਾਲ ਹੋਣ ਵਾਲੇ ਆਪਣੇ ਮੈਚ ਦਾ ਬਾਈਕਾਟ ਕਰਨ ਵਾਲੀ ਮਿਲਵਾਕੀ ਬੱਕਜ਼ ਐਨਬੀਏ ਦੀ ਪਹਿਲੀ ਟੀਮ ਬਣ ਗਈ ਹੈ।

ਬੱਕਜ਼ ਦੇ ਖਿਡਾਰੀਆਂ ਨੇ ਮੈਚ ਤੋਂ ਠੀਕ ਪਹਿਲਾਂ ਇਹ ਫੈਸਲਾ ਕੀਤਾ ਤੇ ਇਸ ਗੱਲ ਉੱਤੇ ਸਹਿਮਤੀ ਬਣਾਈ ਕਿ ਉਹ ਲਾਕਰ ਰੂਮ ਨਹੀਂ ਛੱਡਣਗੇ। ਓਰਲੈਂਡੋ ਵਿੱਚ ਟੀਮ ਦੇ ਲਾਕਰ ਰੂਮ ਦੇ ਬਾਹਰ ਕਾਫੀ ਤਣਾਅਭਰਪੂਰ ਮਾਹੌਲ ਬਣਨ ਦੀਆਂ ਰਿਪੋਰਟਾਂ ਵੀ ਆਈਆਂ। ਦੂਜੇ ਪਾਸੇ ਐਨਬੀਏ ਤੇ ਟੀਮ ਅਧਿਕਾਰੀ ਇਸ ਸਾਰੇ ਮਾਮਲੇ ਨੂੰ ਲੈ ਕੇ ਭੰਬਲਭੂਸੇ ਵਾਲੀ ਸਥਿਤੀ ਵਿੱਚ ਸਨ। ਮੈਜਿਕ ਦੀ ਟੀਮ ਸਹੀ ਟਾਈਮ ਉੱਤੇ ਫਲੋਰ ਉੱਤੇ ਵਾਰਮ-ਅੱਪਜ਼ ਲਈ ਪਹੁੰਚੀ ਪਰ ਜਦੋਂ ਬੱਕਜ਼ ਨਹੀਂ ਆਏ ਤਾਂ ਮੈਜਿਕ ਦੀ ਟੀਮ ਵੀ ਉੱਥੋਂ ਚਲੀ ਗਈ।

ਬੱਕਜ਼ ਵੱਲੋਂ ਇੱਕ ਬਿਆਨ ਜਾਰੀ ਕਰਕੇ ਆਖਿਆ ਗਿਆ ਹੈ ਕਿ ਅਸੀਂ ਆਪਣੇ ਖਿਡਾਰੀਆਂ ਤੇ ਉਨ੍ਹਾਂ ਵੱਲੋਂ ਲਏ ਗਏ ਫੈਸਲੇ ਦੇ ਨਾਲ ਹਾਂ। ਇਹ ਵੀ ਆਖਿਆ ਗਿਆ ਕਿ ਸਾਡੇ ਸਾਹਮਣੇ ਹੋ ਰਹੇ ਅਨਿਆਂ ਨੂੰ ਰੋਕਣ ਤੇ ਤਬਦੀਲੀ ਲਿਆਉਣ ਦਾ ਇੱਕੋ ਰਾਹ ਇਹ ਹੈ ਕਿ ਉਸ ਅਨਿਆਂ ਉੱਤੇ ਰੋਸ਼ਨੀ ਪਾਈ ਜਾਵੇ। ਇੱਥੇ ਦੱਸਣਾ ਬਣਦਾ ਹੈ ਕਿ ਬੁੱਧਵਾਰ ਨੂੰ ਹਿਊਸਟਨ ਰਾਕੇਟਜ਼ ਤੇ ਓਕਲਾਹੋਮਾ ਸਿਟੀ ਥੰਡਰ ਦੇ ਨਾਲ ਨਾਲ ਲਾਸ ਏਂਜਲਸ ਲੇਕਰਜ਼ ਤੇ ਪੋਰਟਲੈਂਡ ਟਰੇਲਬਲੇਜ਼ਰਜ਼ ਨੇ ਵੀ ਆਪਣੀਆਂ ਗੇਮਜ਼ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ।

# ਗੱਡੀ ਵੱਲੋਂ ਮਾਰੀ ਗਈ ਫੇਟ ਕਾਰਨ ਸਾਈਕਲਿਸਟ ਗੰਭੀਰ ਜ਼ਖ਼ਮੀ



ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਡੈਵਿਸਵਿਲ ਵਿਲੇਜ ਏਰੀਆ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਸਾਈਕਲਿਸਟ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ।

ਇਹ ਹਾਦਸਾ ਯੌਂਜ ਸਟਰੀਟ ਤੇ ਡੇਵਿ-ਸਵਿਲ ਐਵਨਿਊ ਨੇੜੇ ਰਾਤੀ 7:15 ਵਜੇ ਵਾਪਰਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਸਾਇਕਲਿਸਟ ਜ਼ਮੀਨ ਉੱਤੇ ਡਿੱਗਿਆ ਮਿਲਿਆ ਤੇ ਉਸ ਦੇ ਸਿਰ ਉੱਤੇ ਗੰਭੀਰ ਸੱਟ ਲੱਗੀ ਸੀ।

ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਘਟਨਾ ਤੋਂ ਬਾਅਦ ਇਸ ਇਲਾਕੇ ਦੀਆਂ ਰੋਡਜ਼ ਬਲਾਕ ਕਰ ਦਿੱਤੀਆਂ ਗਈਆਂ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

# ਓਟੂਲੇ ਬਣੇ ਨਵੇਂ ਕੰਜ਼ਰਵੇਟਿਵ ਆਗੂ



ਓਟਵਾ, 27 ਅਗਸਤ (ਪੋਸਟ ਬਿਊਰੋ): ਐਰਿਨ ਓਟੂਲੇ ਕੈਨੇਡਾ ਦੀ ਕੰਜਰਵੇਟਿਵ ਪਾਰਟੀ ਦੇ ਨਵੇਂ ਆਗੂ ਚੁਣ ਲਏ ਗਏ ਹਨ। ਕਈ ਮਹੀਨਿਆਂ ਤੱਕ ਚੱਲੀ ਲੀਡਰਸ਼ਿਪ ਕੈਂਪੇਨ ਦੇ ਤੀਜੇ ਗੇੜ ਵਿੱਚ ਓਟੂਲੇ ਨੂੰ ਇਹ ਜਿੱਤ ਹਾਸਲ ਹੋਈ।

ਸੋਮਵਾਰ ਤੜਕੇ ਲੀਡਰ ਵਜੋਂ ਆਪਣੇ ਪਹਿਲੇ ਭਾਸ਼ਣ ਵਿੱਚ ਓਟੂਲੇ ਨੇ ਆਖਿਆ ਕਿ ਬਹੁਤ ਸਾਰੇ ਕੈਨੇਡੀਅਨਜ਼ ਜਿਹੜੇ ਅਜੇ ਜਾਗ ਰਹੇ ਹਨ, ਉਨ੍ਹਾਂ ਨਾਲ ਉਹ ਪਹਿਲੀ ਵਾਰੀ ਮੁਲਾਕਾਤ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਆਉਣ ਵਾਲੇ ਮਹੀਨਿਆਂ ਤੇ ਹਫਤਿਆਂ ਵਿੱਚ ਸਾਰੇ ਕੈਨੇਡੀਅਨਾਂ ਨੂੰ ਉਨ੍ਹਾਂ ਕੋਲੋਂ ਕਾਫੀ ਕੁੱਝ ਸੁਣਨ ਨੂੰ ਮਿਲੇਗਾ। ਉਨ੍ਹਾਂ ਅੱਗੇ ਆਖਿਆ ਕਿ ਉਹ ਸਭਨਾਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਸਾਰਿਆਂ ਲਈ, ਉਨ੍ਹਾਂ ਦੇ ਪਰਿਵਾਰਾਂ ਲਈ ਲੜਨਗੇ।

47 ਸਾਲਾ ਓਟੂਲੇ ਨੇ ਇਹ ਵੀ ਆਖਿਆ ਕਿ ਸਾਰੇ ਕੈਨੇਡੀਅਨਾਂ ਲਈ ਉਨ੍ਹਾਂ ਦੀ ਪਾਰਟੀ ਵਿੱਚ ਥਾਂ ਹੋਵੇਗੀ, ਫਿਰ ਭਾਵੇਂ ਉਹ ਕਿਸੇ ਜਾਤੀ, ਧਰਮ, ਨਸਲ, ਆਰਥਿਕ ਪਿਛੋਕੜ, ਨਸਲੀ ਪਿਛੋਕੜ ਜਾਂ ਜਿਨਸੀ ਝੁਕਾਅ ਵਾਲੇ ਹੋਣ। ਮੈਕੇਅ ਨੇ ਓਟੂਲੇ ਨੂੰ ਜਿੱਤ ਦੀ ਵਧਾਈ ਦਿੱਤੀ।

ਓਟੂਲੇ, ਜੋ ਕਿ ਓਨਟਾਰੀਓ ਤੋਂ ਐਮਪੀ ਹਨ, ਨੂੰ ਪਾਰਟੀ ਮੈਂਬਰਾਂ ਵੱਲੋਂ 57 ਫੀਸਦੀ ਸਮਰਥਨ ਦੇ ਕੇ ਜਿਤਾਇਆ ਗਿਆ। ਦੋ ਦੂਜੇ ਉਮੀਦਵਾਰਾਂ ਲੈਸਲਿਨ ਲੁਈਸ ਤੇ ਡੈਰੇਕ ਸਲੋਨ, ਜਿਨ੍ਹਾਂ ਨੂੰ ਸੱਭ ਤੋਂ ਘੱਟ ਵੋਟ ਮਿਲੇ, ਦੇ ਸਮਰਥਕਾਂ ਵੱਲੋਂ ਵੀ ਓਟੂਲੇ ਨੂੰ ਹੀ ਆਪਣਾ ਸਮਰਥਨ ਦਿੱਤਾ ਗਿਆ। ਮੈਕੇਅ ਸ਼ੁਰੂਆਤ ਵਿੱਚ ਸੱਭ ਤੋਂ ਅੱਗੇ ਸਨ ਪਰ ਬਾਅਦ ਵਿੱਚ ਉਹ ਦੂਜੇ ਸਥਾਨ ਉੱਤੇ ਆਏ।

ਇਸ ਤੋਂ ਪਹਿਲਾਂ ਮਿਲੀ ਜਾਣਕਾਰੀ ਅਨੁਸਾਰ ਕੰਜ਼ਰਵੇਟਿਵ ਪਾਰਟੀ ਦੇ ਅਗਲੇ ਆਗੂ ਦਾ ਨਾਂ ਐਲਾਨੇ ਜਾਣ ਵਿੱਚ ਦੇਰ ਹੋ ਗਈ। ਪਾਰਟੀ ਦਾ ਕਹਿਣਾ ਹੈ ਕਿ ਐਨਵੈਲਪ ਖੋਲ੍ਹਣ ਲਈ ਵਰਤੀਆਂ ਜਾ ਰਹੀਆਂ ਮਸ਼ੀਨਾਂ ਕਈ ਵੋਟਾਂ ਖਰਾਬ ਵੀ ਹੋ ਗਈਆਂ।

# ਕੰਜ਼ਰਵੇਟਿਵ ਪਾਰਟੀ ਚੋਣਾਂ ਲਈ ਤਿਆਰ ਬਰ ਤਿਆਰ : ਓਟੂਲੇ



ਓਟਵਾ, 27 ਅਗਸਤ (ਪੋਸਟ ਬਿਊਰੋ) : ਨਵੇਂ ਕੰਜ਼ਰਵੇਟਿਵ ਆਗੂ ਐਰਿਨ ਓਟੂਲੇ ਦਾ ਕਹਿਣਾ ਹੈ ਕਿ ਜੇ ਹੁਣੇ ਚੋਣਾਂ ਦਾ ਮਾਹੌਲ ਬਣਦਾ ਹੈ ਤਾਂ ਉਨ੍ਹਾਂ ਦੀ ਪਾਰਟੀ ਚੋਣਾਂ ਲਈ ਤਿਆਰ ਬਰ ਤਿਆਰ ਹੈ। ਪਰ ਉਨ੍ਹਾਂ ਇਹ ਸੰਕੇਤ ਨਹੀਂ ਦਿੱਤਾ ਕਿ ਕੀ ਉਨ੍ਹਾਂ ਦੇ ਕਾਕਸ ਵੱਲੋਂ ਹੀ ਤਾਂ ਇਨ੍ਹਾਂ ਚੋਣਾਂ ਲਈ ਮਾਹੌਲ ਤਿਆਰ ਨਹੀਂ ਕੀਤਾ ਜਾ ਰਿਹਾ।

ਇਸ ਤੋਂ ਉਲਟ ਓਟੂਲੇ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਚੋਣਾਂ ਲਈ ਮਾਹੌਲ ਤਿਆਰ ਕਰਨਾ ਲਿਬਰਲਾਂ ਦੀ ਕੋਸ਼ਿਸ਼ ਹੋ ਸਕਦੀ ਹੈ। ਓਟੂਲੇ ਤੇ ਪ੍ਰਧਾਨ ਮੰਤਰੀ ਵੱਲੋਂ ਸੋਮਵਾਰ ਨੂੰ ਫੋਨ ਉੱਤੇ ਗੱਲਬਾਤ ਕੀਤੀ ਗਈ। ਦੋਵਾਂ ਧਿਰਾਂ ਦੇ ਆਫਿਸ ਵੱਲੋਂ ਇਸ ਨੂੰ ਸਕਾਰਾਤਮਕ ਗੱਲਬਾਤ ਦੱਸਿਆ ਗਿਆ। ਪਰ ਇਸ ਤੋਂ ਕੁੱਝ ਸਮੇਂ ਬਾਅਦ ਹੀ ਦੋਵੇਂ ਆਗੂ ਅਗਲੀਆਂ ਫੈਡਰਲ ਚੋਣਾਂ ਦਾ ਮੁੱਢ ਬੰਨ੍ਹਣ ਲਈ ਇੱਕਦੂਜੇ ਉੱਤੇ ਤੁਹਮਤਾਂ ਲਾਉਂਦੇ ਵੇਖੇ ਗਏ।

ਹਾਲਾਂਕਿ ਅਗਲੀਆਂ ਫੈਡਰਲ ਚੋਣਾਂ ਸਾਲ 2022 ਤੋਂ ਪਹਿਲਾਂ ਨਿਰਧਾਰਤ ਨਹੀਂ ਹਨ ਪਰ ਵੁਈ ਚੈਰਿਟੀ ਵਿਵਾਦ ਦੇ ਚੱਲਦਿਆਂ ਟਰੂਡੋ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਬਲਾਕ ਕਿਊਬਿਕੁਆ ਤੇ ਕੰਜ਼ਰਵੇਟਿਵਾਂ ਵੱਲੋਂ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਂਦੇ ਜਾਣ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਦੇ ਚੱਲਦਿਆਂ ਇਹ ਚੋਣਾਂ ਜਲਦ ਹੋਣ ਦੀ ਸੰਭਾਵਨਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਮੌਜੂਦਾ ਐਮਪੀ ਹੋਣ ਕਾਰਨ ਪਹਿਲੇ ਦਿਨ ਤੋਂ ਹੀ ਓਟੂਲੇ ਵੱਲੋਂ ਲਿਬਰਲਾਂ ਦੀ ਜਵਾਬਦੇਹੀ ਪੱਕੀ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਆਪਣੀ ਜਿੱਤ ਤੋਂ ਬਾਅਦ ਉਨ੍ਹਾਂ ਇਹ ਵੀ ਆਖਿਆ ਸੀ ਕਿ ਇਸ ਸਮੇਂ ਕੋਵਿਡ-19 ਮਹਾਂਮਾਰੀ ਕਾਰਨ ਚੋਣਾਂ ਨਾਲੋਂ ਕੈਨੇਡੀਅਨਾਂ ਦੀ ਸੁਰੱਖਿਆ ਉਨ੍ਹਾਂ ਲਈ ਵਧੇਰੇ ਮਾਇਨੇ ਰੱਖਦੀ ਹੈ।

Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਮਾੜਾ ਵਕਤ ਜਿਹਾ ਜਾਪੇ ਅਕਾਲੀਆਂ ਦਾ,
ਧਰਨੇ ਥਾਂ-ਥਾਂ ਕਿਸਾਨ ਹਨ ਲਾਈ ਜਾਂਦੇ।
ਬਿੱਲ ਕੇਂਦਰ ਦੇ ਬਾਹਲੇ ਹੀ ਗਲਤ ਹੈਸੀ,
ਇਹਦੇ ਵਿਰੁੱਧ ਨੇ ਰੋਸ ਪ੍ਰਗਟਾਈ ਜਾਂਦੇ।
ਕਹਿੰਦੇ ਨੀਤੀ ਇਹ ਮੋਦੀ ਨੇ ਜਦੋਂ ਧਾਰੀ,
ਅਕਾਲੀ ਸਾਂਝ ਨੇ ਕਾਹਤੋਂ ਨਿਭਾਈ ਜਾਂਦੇ।
ਨਾਲ ਦਿੱਲੀ ਦੇ ਅਸਲ ਵਿੱਚ ਸਾਂਝ ਰੱਖਣ,
ਸਾਨੂੰ ਕਾਹਤੋਂ ਇਹ ਮੂਰਖ ਬਣਾਈ ਜਾਂਦੇ।
ਜਦ ਵੀ ਆਖੀ ਕੋਈ ਗੱਲ ਅਕਾਲੀਆਂ ਨੇ,
ਕਰਦਾ ਇਨ੍ਹਾਂ ਦਾ ਕੋਈ ਯਕੀਨ ਹੈ ਨਹੀਂ।
ਪਹਿਲੀ ਵਾਰ ਕਿਰਸਾਨ ਨੇ ਸੁਣੇ ਕਹਿੰਦੇ,
ਇਨ੍ਹਾਂ ਆਗੂਆਂ ਦਾ ਕੋਈ ਦੀਨ ਹੈ ਨਹੀਂ।

**ਤੀਸ ਮਾਰ ਖਾਂ**

# ਪਾਵਨ ਸਰੂਪ ਗਾਇਬ ਹੋਣ ਦੇ ਮੁੱਦੇ ਕਾਰਨ ਸ਼੍ਰੋਮਣੀ ਕਮੇਟੀ ਅੰਦਰ ਭੁਚਾਲੀ ਤਬਦੀਲੀਆਂ

*** ਬਹੁ-ਚਰਚਿਤ ਆਡੀਟਰ ਕੋਹਲੀ ਦਾ ਠੇਕਾ ਰੱਦ, ਕਾਨੂੰਨੀ ਕਾਰਵਾਈ ਸ਼ੁਰੂ**
*** ਇੱਕੋ ਦਿਨ ਕਈ ਅਧਿਕਾਰੀ ਡਿਸਮਿੱਸ, ਕਈ ਸਸਪੈਂਡ**
*** ਕਈਆਂ ਦੇ ਵਿਰੁੱਧ ਪੁਲਸ ਕੇਸ ਵੀ ਦਰਜ ਕਰਾਏ ਜਾਣ ਲੱਗੇ**



ਅੰਮ੍ਰਿਤਸਰ, 27 ਅਗਸਤ, (ਪੋਸਟ ਬਿਊਰੋ)-ਚਾਰ ਸਾਲ ਪਹਿਲਾਂ ਗੁਰਦੁਆਰਾ ਰਾਮਸਰ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪ ਗਾਇਬ ਹੋਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਉੱਤੇ ਪੰਜ ਸਿੰਘ ਸਾਹਿਬ ਦੀ ਬੀਤੇ ਸੋਮਵਾਰ ਦੀ ਮੀਟਿੰਗ ਦੇ ਫੈਸਲਿਆਂ ਮਗਰੋਂ ਅੱਜ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਕਿੰਗ ਕਮੇਟੀ ਮੀਟਿੰਗ ਵਿੱਚ ਏਨੇ ਜ਼ੋਰਦਾਰ ਫੈਸਲੇ ਲੈਣੇ ਪਏ ਹਨ ਕਿ ਇਸ ਨਾਲ ਸ਼੍ਰੋਮਣੀ ਕਮੇਟੀ ਦੇ ਅੰਦਰ ਭੁਚਾਲ ਵਰਗੀ ਸਥਿਤੀ ਮਹਿਸੂਸ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਕਈ ਅਧਿਕਾਰੀ ਤੇ ਮੁਲਾਜ਼ਮ ਨੌਕਰੀ ਤੋਂ ਕੱਢ ਦਿੱਤੇ, ਕਈਆਂ ਦੇ ਸਸਪੈਂਸ਼ਨ ਦੇ ਹੁਕਮ ਕੀਤੇ ਅਤੇ ਕਈਆਂ ਦੇ ਵਿਰੁੱਧ ਪੁਲਸ ਕੋਲ ਕਰੀਮੀਨਲ ਕੇਸ ਦਰਜ ਕਰਾਉਣ ਦਾ ਐਲਾਨ ਕੀਤਾ ਹੈ।ਇਸ ਦੌਰਾਨ ਬਹੁ-ਚਰਚਿਤ ਆਡੀਟਰ ਕੋਹਲੀ ਐਸੋਸੀਏਟਸ ਉੱਤੇ ਵੀ ਸਖਤ ਕਾਰਵਾਈ ਹੋਈ ਹੈ।

ਅੱਜ ਵੀਰਵਾਰ ਨੂੰ ਏਥੇ ਕੀਤੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੀਟਿੰਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਦੀ ਜਾਂਚ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਡਾ. ਈਸ਼ਰ ਸਿੰਘ ਐਡਵੋਕੇਟ ਦੀ ਅਗਵਾਈਹੇਠ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ ਉੱਤੇ ਗੰਭੀਰਤਾ ਨਾਲ ਵਿਚਾਰ ਕੀਤੀ ਹੈ। ਜਾਂਚ ਕਮਿਸ਼ਨ ਵਾਲੀ ਰਿਪੋਰਟ ਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਵੱਲੋਂ ਭੇਜਿਆ ਸੀਲਬੰਦ ਲਿਫ਼ਾਫ਼ਾ ਅੱਜ ਸਾਰੀ ਕਮੇਟੀ ਦੇ ਸਾਹਮਣੇ ਖੋਲ੍ਹਿਆ ਗਿਆ ਅਤੇ ਅਗਲੀ ਸਾਰੀ ਕਾਰਵਾਈ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਆਏ ਲਿਫਾਫੇ ਮੁਤਾਬਕ ਕੀਤੀ ਗਈ। ਮੀਟਿੰਗ ਪਿੱਛੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਜਾਰੀ ਹੋਏ ਪ੍ਰੈੱਸ ਨੋਟ ਵਿਚ ਅਫ਼ਸੋਸ ਜ਼ਾਹਰ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਕੁਝ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ 'ਨਿੰਜੀ ਲਾਲਸਾ, ਬੇਈਮਾਨੀ ਅਤੇ ਮਿਲੀਭੁਗਤ' ਨਾਲ ਸਮੁੱਚੀ ਸੰਸਥਾ ਨੂੰ ਵੱਡੀ ਨਮੋਸ਼ੀ ਦਿਵਾਈ ਹੈ, ਜਿਸ ਕਾਰਨ ਸੰਸਾਰ ਭਰ ਦੀ ਸਿੱਖ ਸੰਗਤ ਨੂੰ ਮਾਨਸਿਕ ਪੀੜਾ ਵਿਚੋਂ ਲੰਘਣਾ ਪਿਆ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਸ ਦਾ ਬੇਹੱਦ ਅਫ਼ਸੋਸ ਹੈ ਕਿ ਜਿਹੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਤੇ ਵੰਡਣ ਦੀ ਸੇਵਾ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਸਨ, ਉਨ੍ਹਾਂ ਨੇ ਵੱਡੀਆਂ ਕੁਤਾਹੀਆਂ ਤੇ ਅਮਾਨਤ ਵਿਚ ਖਿਆਨਤ ਕੀਤੀ ਹੈ। ਉਨ੍ਹਾਂ ਨੇ ਜਾਂਚ ਰਿਪੋਰਟ ਉੱਤੇ ਕਾਰਵਾਈ ਬਾਰੇ ਦੱਸਿਆ ਕਿ ਸਾਰੇਕੇਸਾਂ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਗੁੰਮ ਹੋਣ ਦਾ ਸ਼ੱਕ ਸੀ, ਦੀ ਸੱਚਾਈਇਹ ਹੈ ਕਿ ਕੁਝ ਬੇਈਮਾਨ ਕਰਮਚਾਰੀਆਂ ਨੇ ਵਾਰ-ਵਾਰ ਰਿਕਾਰਡ ਤੇ ਲੈਜ਼ਰ ਦੀ ਛੇੜ-ਛਾੜ ਕੀਤੀ, ਜਾਅਲੀ ਰਸੀਦਾਂ ਕੱਟੀਆਂ, ਸੰਗਤਾਂ ਕੋਲੋਂ ਪੈਸੇ ਲੈ ਕੇ ਜੇਬਾਂ ਵਿਚ ਪਾਏਅਤੇ ਫੜੇ ਜਾਣ ਪਿੱਛੋਂ ਗਲਤੀ ਮੰਨਣ ਦੀ ਥਾਂ ਗੰਭੀਰ ਕੇਸ ਨੂੰ ਗਲਤ ਰੰਗ ਦੇ ਕੇ ਆਪਣੇ ਗੁਨਾਹਾਂ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਸੀ।

ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਰਬਸੰਮਤੀ ਨਾਲ ਜਾਂਚ ਰਿਪੋਰਟ ਪ੍ਰਵਾਨ ਕਰ ਕੇ ਜੋਫੈਸਲਾ ਲਿਆ, ਉਸ ਮੁਤਾਬਕ ਕੰਵਲਜੀਤ ਸਿੰਘ ਸੀ ਜੀ ਐੱਲ ਸਹਾਇਕ ਸੁਪਰਵਾਈਜ਼ਰ, ਜੋ ਰਿਟਾਇਰ ਹੋ ਚੁੱਕਾ ਹੈ, ਦੇ ਫੰਡ ਰਿਲੀਜ਼ ਕਰਨ ਉੱਤੇ ਰੋਕ ਲਾ ਦਿੱਤੀ ਹੈ, ਤਾਂ ਜੋ ਉਸ ਕੋਲੋਂ ਰਿਕਵਰੀ ਕੀਤੀ ਜਾ ਸਕੇ। ਉਸ ਉੱਤੇ ਰਿਕਾਰਡਖੁਰਦ-ਬੁਰਦ ਕਰਨ, ਹੇਰਾ-ਫੇਰੀ ਤੇ ਫਰਾਡ ਦਾ ਕੇਸ ਦਰਜ ਕਰਾਇਆ ਜਾਵੇਗਾ। ਬਾਜ ਸਿੰਘ ਕਲਰਕ ਨੂੰ ਤੁਰੰਤ ਨੌਕਰੀਤੋਂਕੱਢ ਦਿੱਤਾ ਅਤੇ ਇਸ ਉੱਤੇ ਵੀ ਪੁਲਸ ਕੋਲਕੇਸ ਦਰਜ ਕਰਾਇਆ ਜਾਵੇਗਾ। ਗੁਰਬਚਨ ਸਿੰਘ ਮੀਤ ਸਕੱਤਰ ਅਤੇ ਦਲਬੀਰ ਸਿੰਘ ਹੈਲਪਰ ਨੂੰ ਸਰਵਿਸ ਤੋਂਕੱਢ ਦਿੱਤਾ ਤੇ ਇਨ੍ਹਾਂ ਦੋਵਾਂ ਉੱਤੇ ਵੀ ਪੁਲਸ ਕੇਸ ਕਰਾਇਆ ਜਾਵੇਗਾ। ਸਤਿੰਦਰ ਸਿੰਘ ਮੀਤ ਸਕੱਤਰ ਫਾਇਨਾਂਸ, ਨਿਸ਼ਾਨ ਸਿੰਘ ਮੀਤ ਸਕੱਤਰ ਤੇ ਮਨਜੀਤ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ ਨੂੰ ਸਸਪੈਂਡ ਕਰ ਕੇ ਉਨ੍ਹਾਂ ਵਿਰੁੱਧ ਵਿਭਾਗੀ ਕਰਵਾਈ ਹੋਵੇਗੀ। ਸ਼੍ਰੋਮਣੀ ਕਮੇਟੀ ਦੇਚੀਫ ਸੈਕਟਰੀ ਡਾ. ਰੂਪ ਸਿੰਘ ਦਾ ਅਹੁਦੇ ਤੋਂ ਅਸਤੀਫ਼ਾ ਪ੍ਰਵਾਨ ਕਰ ਲਿਆ, ਪਰ ਉਸ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ। ਗੁਰਮੁੱਖ ਸਿੰਘ ਸੁਪਰਵਾਈਜ਼ਰ ਪਬਲੀਕੇਸ਼ਨ ਨੂੰ ਸਸਪੈਂਡ ਕੀਤਾ ਤੇ ਅਗਲੀ ਕਰਵਾਈ ਹੋਵੇਗੀ।ਅੰਗੀਠਾ ਸਾਹਿਬ ਗੋਇੰਦਵਾਲ ਦੇ ਸੇਵਾਦਾਰ ਅਮਰਜੀਤ ਸਿੰਘ ਨੂੰ ਕੱਢ ਦਿਤਾ ਅਤੇ ਪਰਮਦੀਪ ਸਿੰਘ ਇੰਚਾਰਜ ਨੂੰ ਸਸਪੈਂਡ ਕਰਨ ਪਿੱਛੋਂ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਇਹੀ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਜਿਲਦਾਂ ਬੰਨ੍ਹਣ ਵਾਲੇ ਜਿਲਦਸਾਜ਼ ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ ਦਾ ਜਿਲਦਾਂ ਦਾ ਠੇਕਾ ਰੱਦ ਕਰ ਕੇ ਇਨ੍ਹਾਂ ਨੂੰ ਸਦਾ ਲਈ ਇਸ ਕੰਮ ਵਿੱਚ ਬਲੈਕ ਲਿਸਟ ਕਰ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਹੋ ਚੁੱਕੇ ਚੀਫ ਸੈਕਟਰੀ ਹਰਚਰਨ ਸਿੰਘ ਉੱਤੇ ਇਸ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਮਰਥ ਰਹਿਣ ਅਤੇ ਹੇਠਲੇ ਕਰਮਚਾਰੀਆਂ ਵੱਲੋਂ ਰਿਕਾਰਡ ਵਿਚ ਤੋੜ-ਮਰੋੜ ਦਾ ਪਤਾ ਲੱਗਣ ਪਿੱਛੋਂ ਵੀਕਾਰਵਾਈ ਨਾ ਕਰਨਕਰ ਕੇ ਦੋਸ਼ੀਆਂ ਨਾਲ ਮਿਲੀਭੁਗਤ ਸਮਝੀ ਗਈ ਹੈ ਅਤੇ ਉਸ ਦੇ ਖਿਲਾਫ ਵੀਇਸ ਸੰਸਥਾ ਦਾ ਮੁੱਖ ਪ੍ਰਸ਼ਾਸਕ ਹੋਣ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸਭ ਤੋਂ ਵੱਡਾ ਫੈਸਲਾ ਇਹ ਹੈ ਕਿ ਸਤਿੰਦਰ ਸਿੰਘ ਕੋਹਲੀ ਚਾਰਟਰਡ ਅਕਾਊਂਟੈਂਟ ਅਤੇ ਐੱਸ ਐੱਸ ਕੋਹਲੀ ਐਂਡ ਐਸੋਸੀਏਟਸ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਅਤੇ ਜਾਂਚ ਕਮਿਸ਼ਨ ਵੱਲੋਂ ਇਸ ਦੇ ਖਿਲਾਫ਼ ਦਿੱਤੀ ਰਿਪੋਰਟ ਅਨੁਸਾਰ ਉਸ ਤੋਂ 75 ਫੀਸਦੀ ਰਿਕਵਰੀ ਲਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੋਹਲੀ ਨੂੰ ਅਕਾਲ ਦਲ ਚਲਾ ਰਹੇ ਪਰਵਾਰ ਦੇ ਸਭ ਤੋਂ ਨੇੜੇ ਗਿਣਿਆ ਜਾਂਦਾ ਸੀ ਤੇ ਉਸ ਨੂੰ ਹਰ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਕਰੋੜਾਂ ਰੁਪਏ ਫੀਸ ਦਿੱਤੀ ਜਾਂਦੀ ਸੀ ਅਤੇ ਜਦੋਂ ਉਸ ਦੇ ਖਿਲਾਫ ਕੋਈ ਆਵਾਜ਼ ਉੱਠਦੀ ਸੀ ਤਾਂ ਰੋਕ ਦਿੱਤੀ ਜਾਂਦੀ ਸੀ।ਇਸ ਮੌਕੇ ਸਹਾਇਕ ਅਕਾਊਂਟੈਂਟ ਜੁਝਾਰ ਸਿੰਘ ਨੂੰ ਵੀ ਸਰਵਿਸ ਤੋਂ ਡਿਸਮਿਸ ਕਰ ਦਿੱਤਾ ਗਿਆ ਅਤੇ ਉਸ ਦੇ ਵਿਰੁੱਧ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਰਾਜਸਥਾਨ ਦੀ ਪਿਆਸ ਮੁੱਕੀ : ਤੇਲ ਅਤੇ ਗੈਸ ਤੋਂ ਬਾਅਦ ਮਿਲਿਆ ਪਾਣੀ ਦਾ ਭੰਡਾਰ



ਜੈਪੁਰ, 27 ਅਗਸਤ (ਪੋਸਟ ਬਿਊਰੋ)- ਕਿਸੇ ਸਮੇਂ ਬੂੰਦ-ਬੂੰਦ ਪਾਣੀ ਨੂੰ ਤਰਸਣ ਲਈ ਚਰਚਿਤ ਰਹੇ ਰਾਜਸਥਾਨ ਦੇ ਰੇਗਿਸਤਾਨ ਵਿੱਚ ਤੇਲ ਅਤੇ ਗੈਸ ਦੇ ਬਾਅਦ ਪਾਣੀ ਦਾ ਵੀ ਅਥਾਹ ਭੰਡਾਰ ਮਿਲਿਆ ਹੈ।

ਭੂ-ਗਰਭ (ਭੂਗੋਲਿਕ) ਵਿਗਿਆਨੀਆਂ ਵੱਲੋਂ ਕੀਤੀ ਖੋਜ ਵਿੱਚ ਪਾਕਿਸਤਾਨ ਨਾਲ ਲੱਗਦੇ ਰਾਜਸਥਾਨ ਦੇ ਬਾੜਮੇਰ ਜ਼ਿਲੇ ਦੇ ਮਾਡਪੁਰਾ ਬਰਵਾਲਾ ਵਿੱਚ ਪਾਣੀ ਦਾ ਭੰਡਾਰ ਲੱਭਾ ਹੈ, ਜਿਸ ਵਿੱਚ 48 ਅਰਬ ਕਿਊਬਕ ਲੀਟਰ ਪਾਣੀ ਮੌਜੂਦ ਹੈ। ਪਾਣੀ ਦਾ ਇਹ ਭੰਡਾਰ ਬਾੜਮੇਰ ਤੋਂ ਜਾਲੌਰ ਜ਼ਿਲੇ ਤੱਕ ਫੈਲਿਆ ਹੈ। ਜ਼ਮੀਨ ਹੇਠ ਮੌਜੂਦ ਪਾਣੀ ਖਾਰਾ ਹੈ। ਇਸ ਵਿੱਚ ਤੇਜ਼ਾਬੀਪਣ ਵੱਧ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਖਾੜੀ ਦੇ ਦੇਸ਼ਾਂ ਵਾਂਗ ਇਸ ਪਾਣੀ ਨੂੰ ਪੀਣ ਯੋਗ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦਾ ਅਨੁਮਾਨ ਹੈ ਕਿ ਇਹ ਪਾਣੀ ਕਈ ਸਾਲ ਤੱਕ 10 ਲੱਖ ਆਬਾਦੀ ਦੀ ਪਿਆਸ ਬੁਝਾ ਸਕਦਾ ਹੈ।

ਕੇਅਰਨ ਐਨਰਜੀ ਕੰਪਨੀ ਲੰਬੇ ਸਮੇਂ ਤੋਂ ਰੇਗਿਸਤਾਨ ਵਿੱਚ ਤੇਲ ਅਤੇ ਗੈਸ ਦੀ ਖੋਜ ਕਰ ਰਹੀ ਹੈ, ਜਿਸ ਦੌਰਾਨ ਪਾਣੀ ਦਾ ਭੰਡਾਰ ਮਿਲਿਆ ਹੈ। ਰਾਜਸਥਾਨ ਦੇ ਮਾਲ ਮੰਤਰੀ ਹਰੀਸ਼ ਚੌਧਰੀ ਮੁਤਾਬਕ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਇਸ ਬਾਰੇ ਕੰਮ ਕਰਨਾ ਚਾਹੀਦਾ ਹੈ, ਜਿਸ ਤੋਂ ਜ਼ਰੂਰਤਮੰਦਾਂ ਨੂੰ ਪਾਣੀ ਮਿਲ ਸਕੇ। ਭੂ-ਵਿਗਿਆਨੀ ਅਨਿਲ ਪਾਲੀਵਾਲ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਪੇਟਰੋ ਭੌਤਿਕ ਡੇਟਾ, ਭੂ-ਚਾਲ ਸਰਵੇਖਣ ਅਤੇ ਵਿਸਥਾਰਤ ਹਾਈਡਰੋ ਜਿਆਲੋਜੀਕਲ ਜਾਂਚ ਦੇ ਆਧਾਰ 'ਤੇ ਕੇਅਰਨ ਐਨਰਜੀ ਨੇ ਬਾੜਮੇਰ ਬੇਸਿਨ ਵਿੱਚ ਥੁਮਬਲੀ ਜਲ ਭੰਡਾਰ ਦੀ ਖੋਜ ਕੀਤੀ ਹੈ। ਬਾੜਮੇਰ ਜ਼ਿਲੇ ਦੇ ਬਾਇਤ ਇਲਾਕੇ ਵਿਚ ਮਿਲੇ ਇਸ ਪਾਣੀ ਦਾ ਫੈਲਾਅ ਬਾਇਤ, ਸ਼ਿਵ, ਬਾੜਮੇਰ, ਗੁੜਾਮਾਲਾਨੀ ਤੋਂ ਲੈ ਕੇ ਜਾਲੌਰ ਜ਼ਿਲੇ ਦੇ ਸਾਂਚੌਰ ਅਤੇ ਕੁਰਦ ਤੱਕ ਹੈ। ਜ਼ਮੀਨ ਦੀ ਸਤਾ ਤੋਂ ਇਸ ਦੀ ਡੂੰਘਾਈ 350 ਤੋਂ1500 ਮੀਟਰ ਤੱਕ ਹੈ।

# ਰਾਜ ਸਰਕਾਰਾਂ ਨੇ ਪੈਸੇ ਮੰਗੇ, ਭਾਰਤ ਸਰਕਾਰ ਨੇ ਹੱਥ ਤੰਗ ਦੱਸ ਕੇ ਗੱਲ ਟਾਲੀ

*** ਜੀ ਐੱਸ ਟੀ ਕੁਲੈਕਸ਼ਨ ਵਿੱਚ 2.35 ਲੱਖ ਕਰੋੜ ਰੁਪਏ ਘਾਟਾ * ਕੋਰੋਨਾ ਕਾਰਨ ਆਰਥਿਕਤਾ ਨੂੰ ਝਟਕੇ ਲੱਗਣ ਦਾ ਡਰ**

ਨਵੀਂ ਦਿੱਲੀ, 27 ਅਗਸਤ, (ਪੋਸਟ ਬਿਊਰੋ)-ਭਾਰਤ ਦੀ ਕੇਂਦਰ ਸਰਕਾਰ ਨੇ ਅੱਜ ਮੰਨਿਆ ਕਿ ਵਿੱਤੀ ਸਾਲ 2020-21 ਵਿਚ ਜੀ ਐੱਸ ਟੀ ਕੁਲੈਕਸ਼ਨ ਵਿਚ 2.35 ਲੱਖ ਕਰੋੜ ਰੁਪਏ ਦੀ ਘਾਟ ਆਈ ਹੈ, ਜਿਸ ਵਿੱਚੋਂ ਸਿਰਫ 97,000 ਕਰੋੜ ਰੁਪਏ ਦੀ ਕਮੀ ਦਾ ਕਾਰਨ ਜੀ ਐੱਸ ਟੀ ਲਾਗੂ ਕਰਨਾ ਹੈ, ਬਾਕੀ ਕਮੀ ਕੋਰੋਨਾਦੇ ਕਾਰਨ ਆਈ ਹੈ।

ਇਸ ਸੰਬੰਧ ਵਿੱਚ ਰੈਵੇਨਿਊ ਸੈਕਟਰੀ ਨੇ ਦੱਸਿਆ ਕਿ ਅਟਾਰਨੀ ਜਨਰਲ ਨੇ ਇਹ ਸਲਾਹ ਦਿੱਤੀ ਹੈ ਕਿ ਜੀ ਐੱਸ ਟੀ ਕੁਲੈਕਸ਼ਨ ਵਿੱਚ ਆਈ ਘਾਟ ਦੀ ਪੂਰਤੀ ਭਾਰਤ ਦੇ ਕੇਂਦਰ ਪੱਧਰ ਉੱਤੇ ਇਕੱਠੇ ਕੀਤੇ ਗਏ ਫੰਡ ਤੋਂਨਹੀਂ ਕੀਤੀ ਜਾ ਸਕਦੀ।ਅੱਜ ਏਥੇ ਜੀ ਐੱਸ ਟੀ ਕੌਂਸਲ ਦੀ ਬੈਠਕ ਤੋਂ ਬਾਅਦ ਰੈਵੇਨਿਊਸੈਕਟਰੀਨੇ ਕਿਹਾ ਕਿ ਕੋਵਡ-19 ਮਹਾਮਾਰੀ ਦੇ ਕਾਰਨਗੁਡਜ਼ਅਤੇ ਸਰਵਿਸਿਜ਼ ਟੈਕਸ (ਜੀ ਐੱਸ ਟੀ) ਦਾ ਕੁਲੈਕਸ਼ਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਜੀ ਐੱਸ ਟੀਦਾ ਰਾਜ ਸਰਕਾਰਾਂ ਦਾ ਹਿੱਸਾਸਾਲ ਦੇ ਅੱਧਤੱਕ ਅਪਰੈਲ-ਜੁਲਾਈ ਦਾ ਬਕਾਇਆ ਹੀ ਡੇਢ ਲੱਖ ਕਰੋੜ ਰੁਪਏ ਬਣਦਾ ਹੈ। ਰਾਜ ਸਰਕਾਰਾਂ ਇਸ ਬਕਾਏ ਲਈ ਕੇਂਦਰ ਸਰਕਾਰ ਤੋਂ ਮੰਗ ਕਰ ਰਹੀਆਂ ਹਨ, ਪਰ ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਆਮਦਨ ਹੀ ਕੋਰੋਨਾ ਦੇ ਕਾਰਨ ਰੁਕੀ ਹੋਈ ਹੈ, ਇਸ ਲਈ ਪੈਸੇ ਦੀ ਘਾਟ ਹੈ ਅਤੇ ਰਾਜਾਂ ਨੂੰ ਵੀ ਇਸ ਵਕਤ ਪੈਸੇ ਨਹੀਂ ਦਿੱਤੇ ਜਾ ਸਕਦੇ। ਇਸ ਕਾਰਨ ਰਾਜ ਸਰਕਾਰਾਂ ਤੇ ਕੇਂਦਰ ਵਿਚਾਲੇ ਖਿੱਚੋਤਾਣ ਚੱਲ ਰਹੀ ਹੈ।



ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਇਸ ਮੁੱਦੇ ਸਬੰਧੀ ਗੈਰ ਕਾਂਗਰਸੀ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਇੱਕ ਮੀਟਿੰਗ ਕੀਤੀ ਸੀ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਸਮੇਤ ਚਾਰ ਰਾਜਾਂ ਦੇ ਕਾਂਗਰਸੀ ਮੁੱਖ ਮੰਤਰੀ ਅਤੇਤਿੰਨ ਰਾਜਾਂ ਦੇ ਗੈਰ-ਕਾਂਗਰਸੀ ਮੁੱਖ ਮੰਤਰੀ ਮਮਤਾ ਬੈਨਰਜੀ, ਉਧਵ ਠਾਕਰੇ ਅਤੇ ਹੇਮੰਤ ਸੋਰੇਨ ਸ਼ਾਮਲ ਹੋਏ ਸਨ। ਓਥੇ ਵੀ ਰਾਜਾਂ ਦੇ ਬਕਾਏ ਦੀ ਗੱਲ ਚੱਲੀ ਸੀ ਅਤੇ ਮਮਤਾ ਬੈਨਰਜੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਇਕੱਠੇ ਹੋ ਕੇ ਕੇਂਦਰ ਸਰਕਾਰ ਨਾਲ ਗੱਲ ਕਰਨ ਲਈ ਕਿਹਾ ਸੀ।


ਅੱਜ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕੋਰੋਨਾ ਮਹਾਮਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਕੁਦਰਤੀ ਆਫ਼ਤ ਕਾਰਨ ਮੌਜੂਦਾ ਸਾਲ ਵਿਚ ਅਰਥਚਾਰੇ ਵਿਚ ਵੱਡੀ ਗਿਰਾਵਟ ਆ ਸਕਦੀ ਹੈ। ਉਨ੍ਹਾ ਕਿਹਾ ਕਿ ਪੰਜ ਘੰਟੇ ਚੱਲੀ ਜੀ ਐੱਸ ਟੀ ਕੌਂਸਲ ਦੀ ਬੈਠਕ ਵਿੱਚ ਰਾਜਾਂ ਨੂੰ ਮੁਆਵਜ਼ਾ ਦੇਣ ਦੇ ਬਦਲ ਉੱਤੇ ਵਿਚਾਰ ਕੀਤੀ ਗਈ ਹੈ ਤੇ ਇਹ ਬਦਲ ਵੀ ਸਿਰਫ ਮੌਜੂਦਾ ਵਿੱਤੀ ਸਾਲ ਲਈ ਹਨ, ਅਗਲੇ ਅਪਰੈਲ ਵਿੱਚ ਫਿਰ ਵਿਚਾਰ ਕੀਤੀ ਜਾਵੇਗੀ।

## ਸ਼ੁਸ਼ਾਂਤ ਕੇਸ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ : ਰੀਆ ਚੱਕਰਵਰਤੀ ਤੇ ਹੋਰਨਾਂ ਦੇ ਖਿਲਾਫ ਅਪਰਾਧਿਕ ਕੇਸ ਦਰਜ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਨੇ ਕੱਲ੍ਹ ਫਿਲਮ ਸਟਾਰ ਸੁਸ਼ਾਂਤ ਰਾਜਪੂਤ ਦੀ ਖੁਦਕੁਸ਼ੀ ਦੇ ਮਾਮਲੇ ਵਿੱਚ ਉਸ ਦੀ ਗਰਲ ਫਰੈਂਡ ਰੀਆ ਚੱਕਰਵਰਤੀ ਅਤੇ ਕੁਝ ਹੋਰਨਾਂ ਖਿਲਾਫ ਪਾਬੰਦੀ ਸ਼ੁਦਾ ਨਸ਼ਿਆਂ ਨਾਲ ਜੁੜੇ ਲੈਣ-ਦੇਣ ਦੇ ਸਿਲਸਿਲੇ ਵਿੱਚ ਇੱਕ ਅਪਰਾਧਕ ਕੇਸ ਦਰਜ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਸ਼ੀਲੇ ਪਦਾਰਥ ਰੋਕੂ ਏਜੰਸੀ ਵੱਲੋਂ ਦਰਜ ਕੀਤੀ ਸ਼ਿਕਾਇਤ ਵਿੱਚ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥ ਰੋਕੂ ਐਕਟ ਐਨ ਡੀ ਪੀ ਐਸ ਦੀਆਂ ਵੱਖ-ਵੱਖ ਧਾਰਾਵਾਂ ਲਾਈਆਂ ਗਈਆਂ ਹਨ। ਇਹ ਸ਼ਿਕਾਇਤ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਮਿਲੇ ਇੱਕ ਸਰਕਾਰੀ ਖੁਲਾਸੇ ਦੇ ਆਧਾਰ 'ਤੇ ਦਰਜ ਕੀਤੀ ਗਈ ਹੈ। ਐਨ ਸੀ ਬੀ ਅਸਲ ਵਿੱਚ ਸੁਸ਼ਾਂਤ ਰਾਜਪੂਤ ਦੀ ਮੌਤ ਦੇ ਕੇਸ ਵਿੱਚ ਜਾਂਚ ਕਰਨ ਵਾਲੀ ਤੀਸਰੀ ਜਾਂਚ ਏਜੰਸੀ ਹੈ। ਇਸ ਦੇ ਇਲਾਵਾ ਇਨਫੋਰਸਮੈਂਟ ਡਾਇਰੈਕਟਰੋਟ (ਈ ਡੀ) ਅਤੇ ਸੀ ਬੀ ਆਈ ਵੀ ਇਸ ਦੀ ਜਾਂਚ ਕਰ ਰਹੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ


JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਵਿੱਦਿਆਰਥੀਆਂ ਦੀ ਸਿੱਖਿਆ ਅਤੇ ਸੁਰੱਖਿਆ ਵਿਚਕਾਰ ਤਵਾਜਨ ਦੀ ਲੋੜ

ਉਂਟੇਰੀਓ ਦੀ ਡੱਗ ਫੋਰਡ ਸਰਕਾਰ ਅਤੇ ਅਧਿਆਪਕ ਯੂਨੀਅਨਾਂ ਦਰਮਿਆਨ ਇੱਕ ਵਾਰ ਦੁਬਾਰਾ ਜੰਗ ਆਰੰਭ ਹੋ ਚੁੱਕੀ ਹੈ। ਇੱਕ ਪਾਸੇ ਸਰਕਾਰ ਵਿੱਦਿਆਰਥੀਆਂ ਨੂੰ ਸਕੂਲਾਂ ਵਿੱਚ ਵਾਪਸ ਲਿਆਉਣ ਦੀਆਂ ਯੋਜਨਾਵਾਂ ਜਾਰੀ ਕਰ ਰਹੀ ਹੈ ਅਤੇ ਦੂਜੇ ਪਾਸੇ ਅਧਿਆਪਕ ਯੂਨੀਅਨਾਂ ਇਸਦਾ ਵਿਰੋਧ ਕਰ ਰਹੀਆਂ ਹਨ। ਕੰਜ਼ਰਵੇਟਿਵ ਡੱਗ ਫੋਰਡ ਸਰਕਾਰ ਅਤੇ ਅਧਿਆਪਕ ਯੂਨੀਅਨਾਂ ਕਦੇ ਵੀ ਇੱਕ ਦੂਜੇ ਦੀਆਂ ਖੈਰਦਾਰ ਨਹੀਂ ਰਹੀਆਂ ਹਨ। ਪਰ ਕੋਰੋਨਾ ਵਾਇਰਸ ਦੇ ਨਾਜ਼ੁਕ ਦਿਨਾਂ ਵਿੱਚ ਦੋਵੇਂ ਧਿਰਾਂ ਆਪੋ ਆਪਣੀ ਸਿਆਸਤ ਨੂੰ ਪਾਲਦੇ ਹੋਏ ਬੱਚਿਆਂ ਦੇ ਹੋਣ ਵਾਲੇ ਨੁਕਸਾਨ ਜਾਂ ਲਾਭ ਨਾਲੋਂ ਜ਼ਿਆਦਾ ਖੁਦ ਦੇ ਸਟੈਂਡ ਬਾਰੇ ਵਧੇਰੇ ਚਿੰਤਤ ਜਾਪਦੀਆਂ ਹਨ।

ਪਰਸੋਂ ਸਰਕਾਰ ਨੇ ਸਕੂਲਾਂ ਨੂੰ ਖੋਲਣ ਬਾਰੇ 21 ਪੰਨਿਆਂ ਦੀ ਇੱਕ ਲੰਬੀ ਚੌੜੀ COVID 19 ਯੋਜਨਾ ਜਾਰੀ ਕੀਤੀ ਜਿਸ ਵਿੱਚ ਸਪੱਸ਼ਟ ਹਦਾਇਤਾਂ ਹਨ ਕਿ ਜੇ ਕੋਈ ਬੱਚਾ ਸਕੂਲ ਵਿੱਚ ਬਿਮਾਰ ਹੋ ਜਾਂਦਾ ਹੈ ਜਾਂ ਕਿਸੇ ਵਿਅਕਤੀ ਨੂੰ ਵਾਇਰਸ ਹੋਣ ਦਾ ਖਦਸ਼ਾ ਹੋਵੇ ਤਾਂ ਸਕੂਲਾਂ, ਸਕੂਲ ਬੋਰਡਾਂ, ਪ੍ਰਿੰਸੀਪਲਾਂ, ਅਧਿਆਪਕਾਂ, ਸਟਾਫ, ਵਿੱਦਿਆਰਥੀਆਂ ਅਤੇ ਸਥਾਨਕ ਪਬਲਿਕ ਹੈਲਥ ਯੂਨਿਟਾਂ ਨੂੰ ਕੀ ਕਰਨਾ ਚਾਹੀਦਾ ਹੈ। ਯੋਜਨਾਵਾਂ ਆਪਣੀ ਥਾਂ ਚੰਗੀਆਂ ਹੁੰਦੀਆਂ ਹਨ ਜਿਹਨਾਂ ਨੂੰ ਮਾਹਰਾਂ ਨੇ ਪਬਲਿਕ ਦੇ ਹਿੱਤਾਂ ਨੂੰ ਖਿਆਲ ਰੱਖ ਕੇ ਤਿਆਰ ਕੀਤਾ ਗਿਆ ਹੁੰਦਾ ਹੈ। ਪਰ ਬਹੁਤੀ ਵਾਰ ਰਿਪੋਰਟਾਂ ਤਿਆਰ ਕਰਨ ਵੇਲੇ ਐਨੀ ਲੰਬੀ ਚੌੜੀ ਤਫ਼ਸੀਲ ਦੇ ਦਿੱਤੀ ਜਾਂਦੀ ਹੈ ਕਿ ਆਮ ਵਿਅਕਤੀ ਨੂੰ ਉਸਦੀ ਸਮਝ ਨਹੀਂ ਬਣ ਪਾਉਂਦੀ। ਮਿਸਾਲ ਵਜੋਂ ਉਂਟੇਰੀਓ ਸਰਕਾਰ ਵੱਲੋਂ ਤਿਆਰ ਕੀਤੀ ਗਈ ਯੋਜਨਾ ਵਿੱਚ ਪਬਲਿਕ ਹੈਲਥ ਯੂਨਿਟਾਂ, ਸਿਹਤ ਮੰਤਰਾਲੇ, ਉਂਟੇਰੀਓ ਹੈਲਥ, ਪਬਲਿਕ ਹੈਲਥ ਉਂਟੇਰੀਓ, ਸਿੱਖਿਆ ਮੰਤਰਾਲੇ, ਸਕੂਲ ਪ੍ਰਸ਼ਾਸ਼ਨ ਆਦਿ ਦੇ ਰੋਲ ਬਹੁਤ ਵਿਸਥਾਰ ਨਾਲ ਦਿੱਤੇ ਗਏ ਹਨ। ਇਹਨਾਂ ਸਾਰੇ ਵਿਸਥਾਰਾਂ ਵਿੱਚ ਕੰਮ ਦੀ ਗੱਲ ਆਮ ਵਿਅਕਤੀ ਦੀ ਪਕੜ ਤੋਂ ਬਾਹਰ ਹੋ ਜਾਂਦੀ ਹੈ ਜਿਸ ਨਾਲ ਅਫਵਾਹਾਂ ਅਤੇ ਗਲਤ ਫਹਿਮੀਆਂ ਨੂੰ ਪਨਪਣ ਦਾ ਮੌਕਾ ਮਿਲਦਾ ਹੈ।

ਜਿੱਥੇ ਤੱਕ ਮਾਪਿਆਂ ਦਾ ਸੁਆਲ ਹੈ, ਉਹਨਾਂ ਦਾ ਸਰਕਾਰ ਜਾਂ ਯੂਨੀਅਨਾਂ ਨਾਲ ਕੋਈ ਲੈਣਾ ਦੇਣਾ ਨਹੀਂ। ਉਹ ਤਾਂ ਆਪਣੇ ਬੱਚਿਆਂ ਦੀ ਸੁਰੱਖਿਆ ਬਾਰੇ ਚਿੰਤਤ ਹਨ। ਮਾਪਿਆਂ ਦੇ ਖਦਸ਼ਿਆਂ ਤੋਂ ਕਿਤੇ ਦੂਰ ਪ੍ਰੀਮੀਅਰ ਡੱਗ ਫੋਰਡ ਆਖ ਰਿਹਾ ਹੈ ਕਿ ਯੂਨੀਅਨਾਂ ਨੂੰ ਲੈ ਕੇ ਉਸਦਾ ਸਬਰ ਖਤਮ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਯੂਨੀਅਨਾਂ ਦੋਸ਼ ਲਾ ਰਹੀਆਂ ਹਨ ਕਿ ਸਰਕਾਰ ਵਿੱਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਅਤਾ ਨਾਲ ਖਿਲਵਾੜ ਕਰਨ ਜਾ ਰਹੀ ਹੈ। ਅਧਿਆਪਕ ਯੂਨੀਅਨਾਂ ਇਹ ਆਧਾਰ ਉੱਤੇ ਸਰਕਾਰ ਉੱਤੇ ਮੁੱਕਦਮਾ ਕਰਨ ਦੀਆਂ ਧਮਕੀਆਂ ਦੇ ਰਹੀਆਂ ਹਨ ਕਿ ਸਕੂਲਾਂ ਨੂੰ ਦੁਬਾਰਾ ਖੋਲਣ ਦੀ ਯੋਜਨਾ ਬਣਾਉਣ ਵੇਲੇ ਉਹਨਾਂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਦੋਵੇਂ ਧਿਰਾਂ ਦੀ ਕਸ਼ਮਕਸ਼ ਦੇ ਚਲੱਦੇ ਮਾਪੇ ਪਰੇਸ਼ਾਨ ਹਨ।

ਡੱਗ ਫੋਰਡ ਦੀ ਇਸ ਗੱਲੋਂ ਤਾਰੀਫ਼ ਕਰਨੀ ਹੋਵੇਗੀ ਕਿ ਸਿਆਸਤਦਾਨ ਹੋਣ ਦੇ ਬਾਵਜੂਦ COVID 19 ਦੇ ਦਿਨਾਂ ਵਿੱਚ ਉਸਨੇ ਕਿਸੇ ਹੱਦ ਤੱਕ ਸਿਆਸਤ ਖੇਡਣ ਤੋਂ ਗੁਰੇਜ਼ ਕਰਨ ਨੂੰ ਤਰਜੀਹ ਦਿੱਤੀ ਹੈ। ਬੀਤੇ ਦਿਨੀਂ ਜਦੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਐਂਡਰੀਊ ਸ਼ੀਅਰ ਦੀ ਥਾਂ ਐਰਿਨ ਓ-ਟੂਲ ਨੂੰ ਆਗੂ ਚੁਣਿਆ ਤਾਂ ਫੋਰਡ ਨੇ ਕਿਹਾ ਕਿ ਉਹ ਉਂਟੇਰੀਓ ਦੇ ਹਿੱਤਾਂ ਵਾਸਤੇ ਫੈਡਰਲ ਲਿਬਰਲ ਸਰਕਾਰ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ ਅਤੇ ਫੈਡਰਲ ਸਿਆਸਤ ਤੋਂ ਨਿਰਲੇਪ ਰਹੇਗਾ। ਹਾਲੇ ਦੋ ਦਿਨ ਪਹਿਲਾਂ ਫੈਡਰਲ ਸਰਕਾਰ ਸਕੂਲਾਂ ਨੂੰ ਦੁਬਾਰਾ ਖੋਲਣ ਵਿੱਚ ਮਦਦ ਦੇਣ ਵਾਸਤੇ ਪ੍ਰੋਵਿੰਸਾਂ ਲਈ 2 ਬਿਲੀਅਨ ਡਾਲਰ ਦੀ ਰਾਸ਼ੀ ਜਾਰੀ ਕਰਕੇ ਹਟੀ ਹੈ ਜਿਸ ਵਿੱਚੋਂ 500 ਮਿਲੀਅਨ ਡਾਲਰ ਦੇ ਕਰੀਬ ਉਂਟੇਰੀਓ ਨੂੰ ਦਿੱਤੇ ਜਾਣਗੇ।

ਅਧਿਆਪਕ ਯੂਨੀਅਨਾਂ ਦੀ ਪਹੁੰਚ ਦੀ ਗੱਲ ਕੀਤੀ ਜਾਵੇ ਤਾਂ 2020 ਦੇ ਆਰੰਭ ਵਿੱਚ ਸਿਰਫ਼ ਇੱਕ ਵਿਸ਼ੇ ਨੂੰ ਆਨਲਾਈਨ ਪੜਾਉਣ ਨੂੰ ਲੈ ਕੇ ਯੂਨੀਅਨਾਂ ਨੇ ਲਗਾਤਾਰ ਹੜਤਾਲਾਂ ਕੀਤੀਆਂ ਸਨ। ਇਸ ਨਾਲ ਬੱਚਿਆਂ ਦੀ ਸਿੱਖਿਆ ਦਾ ਨੁਕਸਾਨ ਹੋਇਆ ਪਰ ਦੋਸ਼ ਸਰਕਾਰ ਉੱਤੇ ਥੋਪਿਆ ਗਿਆ। ਯੂਨੀਅਨਾਂ ਦਾ ਦਾਅਵਾ ਸੀ ਕਿ ਸਕੂਲ ਤੋਂ ਬਾਹਰ ਆਨਲਾਈਨ ਮਾਧਿਅਮ ਰਾਹੀਂ ਬੱਚਿਆਂ ਨੂੰ ਸਹੀ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਫੇਰ COVID 19 ਆ ਗਿਆ ਤਾਂ ਉਹੀ ਅਧਿਆਪਕ 100% ਕਲਾਸਾਂ ਆਨਲਾਈਨ ਲੈਣ ਲਈ ਮਜ਼ਬੂਰ ਹੋਏ। ਹੁਣ ਉਹ ਸਕੂਲਾਂ ਦੇ ਖੁੱਲਣ ਬਾਰੇ ਹੀਲ ਹੁੱਜਤ ਕਰ ਰਹੇ ਹਨ।

ਸਰਕਾਰ ਅਤੇ ਯੂਨੀਅਨਾਂ ਦਰਮਿਆਨ ਇਤਿਹਾਸਕ ਕੌੜੇ ਸਬੰਧਾਂ ਨੂੰ ਇੱਕ ਪਾਸੇ ਰੱਖਦੇ ਹੋਏ ਚੰਗਾ ਹੋਵੇਗਾ ਕਿ ਸਰਕਾਰ ਪਹਿਲ ਕਰਕੇ ਪੂਰੇ ਸਾਈਜ਼ (full size classes) ਦੀਆਂ ਕਲਾਸਾਂ ਲਾਉਣ ਦੀ ਸ਼ਰਤ ਨੂੰ ਛੱਡ ਦੇਵੇ। ਦੂਜੇ ਪਾਸੇ ਯੂਨੀਅਨਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਉਂਟੇਰੀਓ ਭਰ ਵਿੱਚ ਲਾਗੂ ਹੋਣ ਵਾਲੀ ਯੋਜਨਾ ਵਿੱਚ ਕੁੱਝ ਖਾਮੀਆਂ ਜਰੂਰ ਰਹਿ ਸਕਦੀਆਂ ਹਨ ਪਰ ਉਹ ਬੱਚਿਆਂ ਦੀ ਬਿਹਤਰੀ ਲਈ ਹਾਂ ਪੱਖੀ ਰਵਈਆ ਅਖਤਿਆਰ ਕਰਕੇ ਗੱਲ ਕਰਨ।

## ਤੁਰਕੀ ਦੇ ਰਾਸ਼ਟਰਪਤੀ ਦੀ ਫਲਸਤੀਨੀ ਲੜਾਕੂ ਗਰੁੱਪ ਹਮਾਸ ਦੇ ਆਗੂਆਂ ਨਾਲ ਅਚਾਨਕ ਮੁਲਾਕਾਤ

### * ਭੜਕੇ ਹੋਏ ਅਮਰੀਕਾ ਵੱਲੋਂ ਸਖਤ ਚਿਤਾਵਨੀ ਜਾਰੀ



ਵਾਸ਼ਿੰਗਟਨ, 27 ਅਗਸਤ, (ਪੋਸਟ ਬਿਊਰੋ)-ਅਮਰੀਕਾ ਨੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਐਰਦੋਗਾਨ ਵੱਲੋਂ ਫਲਸਤੀਨੀ ਲੜਾਕੂ ਗਰੁੱਪ ਹਮਾਸ ਦੇ ਆਗੂਆਂ ਨਾਲ ਅਚਾਨਕ ਮੁਲਾਕਾਤ ਉੱਤੇ ਇਤਰਾਜ਼ ਕੀਤਾ ਤੇ ਇਸ ਕਾਰਨ ਤੁਰਕੀ ਨਾਲ ਡਿਪਲੋਮੈਟਿਕ ਸਬੰਧ ਖਤਮ ਕਰਨ ਦੇ ਸੰਕੇਤ ਵੀ ਦਿੱਤੇ ਹਨ।

ਵਰਨਣ ਯੋਗ ਹੈ ਕਿ ਪਿਛਲੇ ਹਫਤੇ ਤੁਰਕੀ ਦੇ ਰਾਸ਼ਟਰਪਤੀ ਐਰਦੋਗਾਨਅਤੇ ਫਲਸਤੀਨੀ ਸੰਗਠਨ ਹਮਾਸ ਦੀ ਲੀਡਰਸ਼ਿਪ ਵਿਚਾਲੇ ਇਕ ਬੈਠਕ ਹੋਈ ਸੀ। ਹਮਾਸ ਨੂੰ ਅਮਰੀਕਾ ਤੇ ਯੂਰਪੀ ਯੂਨੀਅਨ ਵੱਲੋਂ ਅੱਤਵਾਦੀ ਸੰਗਠਨ ਐਲਾਨ ਕੀਤਾ ਹੋਇਆ ਹੈ ਤੇ ਇਸ ਦੇ ਨੇਤਾ ਦੀ ਗ੍ਰਿਫਤਾਰੀ ਲਈ 5 ਮਿਲੀਅਨ ਅਮਰੀਕੀ ਡਾਲਰ ਦਾ ਇਨਾਮ ਰੱਖਿਆ ਗਿਆ ਹੈ। ਇਸ ਦੇ ਬਾਵਜੂਦ ਪਿਛਲੇ ਸ਼ਨੀਵਾਰ ਨੂੰ ਰਾਸ਼ਟਰਪਤੀ ਐਰਦੋਗਾਨ ਨੇ ਹਮਾਸ ਲੀਡਰਸ਼ਿਪ ਨਾਲ ਮੁਲਾਕਾਤ ਕੀਤੀ, ਜਿਸ ਵਿਚ ਹਮਾਸ ਦਾ ਮੁਖੀ ਇਸਮਾਈਲ ਹਨਿਯਾਸ਼ਾਮਲ ਸੀ। ਇਸ ਦੇ ਬਾਅਦ ਸੋਮਵਾਰ ਇਸ ਬੈਠਕ ਦੀਆਂ ਤਸਵੀਰਾਂ ਖੁਦ ਤੁਰਕੀ ਦੇ ਰਾਸ਼ਟਰਪਤੀ ਦਫਤਰ ਵਲੋਂ ਜਾਰੀ ਕੀਤੀਆਂ ਗਈਆਂ ਸਨ।

ਹਮਾਸ ਨਾਲ ਤੁਰਕੀ ਦੇ ਰਾਸ਼ਟਰਪਤੀ ਦੀ ਮੀਟਿੰਗ ਦਾ ਭੇਦ ਖੁੱਲ੍ਹਣ ਮਗਰੋਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਟਵੀਟ ਕਰ ਕੇ ਕਿਹਾ ਕਿ ਅਮਰੀਕਾ ਨੇ ਰਾਸ਼ਟਰਪਤੀ ਐਰਦੋਗਾਨਵੱਲੋਂ ਦੋ ਹਮਾਸ ਨੇਤਾਵਾਂ ਦੀ ਮੇਜ਼ਬਾਨੀ ਕਰਨ ਉੱਤੇ ਸਖਤ ਇਤਰਾਜ਼ ਕੀਤਾ ਹੈ। ਇਹੋ ਜਿਹੇ ਸੰਬੰਧ ਤੁਰਕੀ ਨੂੰ ਹੋਰ ਦੇਸ਼ਾਂ ਤੋਂ ਵੱਖਰਾ ਕਰ ਸਕਦੇ ਹਨ ਤੇ ਅੱਤਵਾਦ ਦੇ ਖਿਲਾਫ ਦੁਨੀਆ ਭਰ ਦੀਆਂ ਕੋਸ਼ਿਸ਼ਾਂ ਨੂੰ ਪ੍ਰਭਾਵਤ ਕਰ ਸਕਦੇ ਹਨ।ਵਿਦੇਸ਼ ਵਿਭਾਗ ਦੇ ਬਿਆਨ ਮੁਤਾਬਕ ਰਾਸ਼ਟਰਪਤੀ ਤੈਯਪ ਐਰਦੋਗਾਨਲਗਾਤਾਰ ਹਮਾਸ ਦੇ ਸੰਪਰਕ ਵਿਚ ਹਨ ਤੇ ਪਹਿਲੀ ਅਜਿਹੀ ਬੈਠਕ 1 ਫਰਵਰੀ ਨੂੰ ਹੋਈ ਸੀ। ਅਮਰੀਕਾ 22 ਅਗਸਤ ਨੂੰ ਇਸਤਾਂਬੁਲ ਵਿਚ ਹਮਾਸ ਲੀਡਰਸ਼ਿਪ ਦੇ ਆਉਣ ਤੋਂ ਚਿੰਤਤ ਹੈ।

ਇਸ ਤੋਂ ਪਹਿਲਾਂ ਯੂ ਏ ਈ ਅਤੇ ਇਜ਼ਰਾਇਲ ਦਾ ਸਮਝੌਤਾ ਹੋਣ ਪਿੱਛੋਂ ਤੁਰਕੀ ਦੇ ਰਾਸ਼ਟਰਪੀ ਤੈਯਪ ਐਰਦੋਗਾਨ ਨੇ ਨਾ ਸਿਰਫ ਇਸ ਸਮਝੌਤੇ ਦੀ ਸਖਤ ਨਿੰਦਾ ਕੀਤੀ ਸੀ, ਸਗੋਂ ਯੂ ਏ ਈ ਦੇ ਨਾਲ ਡਿਪਲੋਮੈਟਿਕ ਸਬੰਧ ਖਤਮ ਕਰਨ ਦੇ ਸੰਕੇਤ ਵੀ ਦੇ ਦਿੱਤੇ ਹਨ। ਅੱਜ ਅਮਰੀਕਾ ਨੇ ਉਸ ਦੇ ਵਿਰੁੱਧ ਸਖਤੀ ਵਿਖਾਈ ਹੈ।

## ਸ਼੍ਰੋਮਣੀ ਕਮੇਟੀ ਮੈਂਬਰ ਨੇ ਜੱਜ ਮੂਹਰੇ ਖਾਲਿਸਤਾਨ ਦੇ ਨਾਅਰੇ ਲਾਏ

ਐਲਨਾਬਾਦ, ਹਰਿਆਣਾ, 27 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਹਰਿਆਣਾ ਤੋਂ ਮੈਂਬਰ ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਨੇ ਐਲਨਾਬਾਦ ਤਹਿਸੀਲ ਕੰਪਲੈਕਸ ਵਿੱਚ ਸੈਸ਼ਨ ਜੱਜ ਅੱਗੇ ਖਾਲਿਸਤਾਨ ਜ਼ਿੰਦਾਬਾਦ ਤੇ ਆਜ਼ਾਦੀ ਦੇ ਨਾਅਰੇ ਲਾਏ ਅਤੇ ਸਿੱਖਾਂ ਨਾਲ ਧੱਕੇ ਦੀ ਗੱਲ ਕਹੀ ਹੈ।

ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਵੀਡੀਓ ਵਿੱਚ ਤ੍ਰਿਲੋਕੇਵਾਲਾ ਕਹਿ ਰਹੇ ਹਨ ਕਿ ਜੇ ਕੋਈ ਨੌਜਵਾਨ ਕੇਸਰੀ ਝੰਡਾ ਝੁਲਾ ਦਿੰਦਾ ਹੈ ਤਾਂ ਉਸ ਨੂੰ ਫੜ ਕੇ ਅੰਦਰ ਕਰ ਦਿੱਤਾ ਜਾਂਦਾ ਹੈ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਸਿਰ ਵਾਰੇ, ਗੋਲੀਆਂ ਖਾਧੀਆਂ ਅਤੇ ਸਾਡੇ ਨਾਲ ਸਰਕਾਰ ਬਦਸਲੂਕੀ ਕਰ ਰਹੀ ਹੈ। ਸਾਡੀ ਸੁਣਵਾਈ ਲਈ ਕੋਈ ਕੋਰਟ ਨਹੀਂ, ਕੋਈ ਜੁਡੀਸ਼ਰੀ ਨਹੀਂ ਤਾਂ ਅਸੀਂ ਆਜ਼ਾਦੀ ਲੈ ਕੇ ਰਹਾਂਗੇ। ਇਹ ਕਹਿੰਦਿਆਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ।

## ਸਾਬਕਾ ਫ਼ੌਜੀ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ

ਜਗਰਾਉ, 27 ਅਗਸਤ (ਪੋਸਟ ਬਿਊਰੋ)- ਕੱਲ੍ਹ ਰਾਤ ਆਪਣੇ ਖੇਤ ਵਿੱਚੋਂ ਘਰ ਮੁੜਦੇ ਸਾਬਕਾ ਫ਼ੌਜੀ ਦਾ ਅਣਪਛਾਤੇ ਵਿਅਕਤੀਆਂ ਨੇ ਰਾਡ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਹਤਿਆ ਤੋਂ ਬਾਅਦ ਮੁਸਜ਼ਮ ਲਾਸ਼ ਨੂੰ ਛੱਡ ਕੇ ਦੋਸ਼ੀ ਫ਼ਰਾਰ ਹੋ ਗਏ। ਸੂਚਨਾ ਮਿਲਣ ਉਤੇ ਥਾਣਾ ਸਿਧਵਾਂ ਬੇਟ ਦੇ ਇੰਚਾਰਜ ਇੰਸਪੈਕਟਰ ਰਾਜੇਸ਼ ਠਾਕੁਰ ਨੇ ਪੁਲਸ ਪਾਰਟੀ ਸਣੇ ਮੌਕੇ ਉਤੇ ਪੁੱਜੇ ਅਤੇ ਇਸ ਕੇਸ ਦੀ ਜਾਂਚ ਸ਼ੁਰੂ ਕੀਤੀ ਹੈ। ਥਾਣਾ ਸਿਧਵਾਂ ਬੇਟ ਦੇ ਇੰਚਾਰਜ ਰਾਜੇਸ਼ ਠਾਕੁਰ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਾਬਕਾ ਫ਼ੌਜੀ ਕੁਲਵੰਤ ਸਿੰਘ ਪਿੰਡ ਸਲੇਮਪੁਰ ਥਾਣਾ ਸਿਧਵਾਂ ਬੇਟ ਵਜੋਂ ਹੋਈ ਹੈ। ਉਨ੍ਹਾ ਦੱਸਿਆ ਕਿ ਮ੍ਰਿਤਕ ਦੇ ਭਰਾ ਹਰਬੰਸ ਸਿੰਘ ਪਿੰਡ ਸਲੇਮਪੁਰ ਨੇ ਦੱਸਿਆ ਕਿ ਉਹ ਅਤੇ ਉਸ ਦਾ ਭਰਾ ਹਾਕਮ ਸਿੰਘ ਸਾਬਕਾ ਫ਼ੌਜੀ ਕੱਲ੍ਹ ਰਾਤ ਲੱਗਭਗ ਸੱਤ ਵਜੇ ਖੇਤ ਤੋਂ ਵਾਪਸ ਆ ਰਹੇ ਸਨ। ਜਦੋਂ ਉਹ ਖੇਡ ਸਟੇਡੀਅਮ ਤੋਂ ਪਿੱਛੇ ਮਹਿੰਦਰ ਸਿੰਘ ਵਾਸੀ ਸਲੇਮਪੁਰਾ ਦੀ ਜ਼ਮੀਨ ਨੇੜੇ ਪੁੱਜੇ ਤਾਂ ਦੇਖਿਆ ਕਿ ਦੂਜੇ ਪਾਸੇ ਤੋਂ ਰਸਤੇ ਵਿੱਚ ਕੁਲਵੰਤ ਸਿੰਘ ਦਾ ਬੁਲੇਟ ਮੋਟਰਸਾਈਕਲ ਸਟੈਂਡ ਉਤੇ ਲਾਇਆ ਹੋਇਆ ਸੀ। ਨੇੜੇ ਦੇਖਣ ’ਤੇ ਪਤਾ ਲੱਗਾ ਕਿ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਸਿਰ ਤੇ ਮੂੰਹ ਉਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਦਾ ਕਤਲ ਕੀਤਾ ਹੋਇਆ ਸੀ।

## ਬਕਾਇਆ ਲੈਣ ਨੂੰ ਗਏ ਜਲੰਧਰ ਦੇ ਵਿਅਕਤੀ ਦਾ ਹੁਸ਼ਿਆਰਪੁਰ ਵਿੱਚ ਕਤਲ

ਹੁਸ਼ਿਆਰਪੁਰ, 27 ਅਗਸਤ (ਪੋਸਟ ਬਿਊਰੋ)- ਜਲੰਧਰ ਦੇ ਇੱਕ ਵਿਅਕਤੀ ਦੀ ਹੁਸ਼ਿਆਰਪੁਰ ਵਿੱਚ ਹੱਤਿਆ ਕਰ ਕੇ ਲਾਸ਼ ਨੂੰ ਰੁੱਖ ਨਾਲ ਲਟਕਾ ਦਿੱਤਾ ਗਿਆ ਹੈ। ਇਸ ਘਟਨਾ ਪਿੱਛੋਂ ਕਾਤਲ ਫਰਾਰ ਹੋ ਗਏ।

ਮ੍ਰਿਤਕ ਦੀ ਪਛਾਣ ਕੁਲਦੀਪ ਵਾਸੀ ਰਾਮਾ ਮੰਡੀ ਦੇ ਰੂਪ ਵਿੱਚ ਹੋਈ ਹੈ। ਉਹ ਦੋ ਦਿਨ ਪਹਿਲਾਂ ਆਪਣੀ ਭੈਣ ਕੋਲ ਆਇਆ ਸੀ। ਮੰਗਲਵਾਰ ਸਵੇਰੇ ਉਹ ਕਿਸੇ ਤੋਂ ਉਧਾਰ ਦਿੱਤੇ ਗਏ ਪੈਸੇ ਲੈਣ ਗਿਆ ਸੀ। ਰਾਤ ਨੂੰ ਵਾਪਸ ਨਾ ਆਉਣ ’ਤੇ ਉਸ ਦੀ ਤਲਾਸ਼ ਕੀਤੀ ਤਾਂ ਕੋਈ ਸੁਰਾਗ ਨਹੀਂ ਮਿਲਿਆ। ਕੱਲ੍ਹ ਸਵੇਰੇ ਘਰ ਤੋਂ ਕੁਝ ਦੂਰ ਰੁੱਖ ਨਾਲ ਲਟਕਦੀ ਉਸ ਦੀ ਲਾਸ਼ ਮਿਲੀ। ਗਲੇ ’ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਕੇ ਉਸ ਦਾ ਕਤਲ ਕੀਤਾ ਗਿਆ ਸੀ। 59 ਸਾਲਾ ਕੁਲਦੀਪ ਸਿੰਘ ਬਾਬਾ ਬੁੱਢਾ ਜੀ ਨਗਰ ਰਾਮਾ ਮੰਡੀ ਜਲੰਧਰ ਦਾ ਰਹਿਣ ਵਾਲਾ ਸੀ। ਉਸ ਦੀ ਭੈਣ ਪਿੰਦੀ ਨੇ ਦੱਸਿਆ ਕਿ ਕੁਲਦੀਪ ਸਿੰਘ ਲਵਲੀ ਯੂਨੀਵਰਸਿਟੀ ਜਲੰਧਰ ਵਿੱਚ ਲਿਫਟ ਮੈਨ ਦਾ ਕੰਮ ਕਰਦਾ ਸੀ। ਸ਼ਨੀਵਾਰ ਨੂੰ ਉਹ ਉਸ ਨੂੰ ਮਿਲਣ ਲਈ ਆਇਆ ਤਾਂ ਉਸ ਨੂੰ ਦੱਸਿਆ ਕਿ ਉਸ ਨੇ ਅਮਰਜੀਤ ਸਿੰਘ ਨਾਂਅ ਦੇ ਵਿਅਕਤੀ ਨੂੰ ਪੰਜਾਹ ਹਜ਼ਾਰ ਰੁਪਏ ਉਧਾਰ ਦਿੱਤੇ ਸਨ, ਉਹ ਵਾਪਸ ਲੈਣੇ ਹਨ। ਉਹ ਵਿਅਕਤੀ ਮੰਗਲਵਾਰ ਨੂੰ ਪੰਜਾਹ ਹਜ਼ਾਰ ਰੁਪਏ ਦੇਣ ਆ ਰਿਹਾ ਹੈ। ਇਹ ਕਹਿੰਦੇ ਹੋਏ ਕੁਲਦੀਪ ਅਖਬਾਰ ਲੈ ਕੇ ਘਰੋਂ ਚਲਾ ਗਿਆ। ਉਸ ਦੇ ਬਾਅਦ ਵਾਪਸ ਨਹੀਂ ਆਇਆ। ਕੁਲਦੀਪ ਕੋਲ ਮੋਬਾਈਲ ਫੋਨ ਨਾ ਹੋਣ ਕਾਰਨ ਬਾਅਦ ਵਿੱਚ ਕੁਝ ਪਤਾ ਨਹੀਂ ਲੱਗ ਸਕਿਆ ਕਿ ਉਹ ਕਿੱਥੇ ਹੈ। ਮ੍ਰਿਤਕ ਦੀ ਭੈਣ ਨੇ ਦੱਸਿਆ ਕਿ ਕੁਲਦੀਪ ਸਿੰਘ ਸ਼ਰਾਬ ਪੀਣ ਦਾ ਆਦੀ ਸੀ। ਇਸੇ ਕਾਰਨ ਪਤਨੀ ਅਤੇ ਦੋਵੇਂ ਪੁੱਤਰ ਉਸ ਨੂੰ ਛੱਡ ਕੇ ਚਲੇ ਗਏ ਸਨ। ਰਾਮਾ ਮੰਡੀ ਵਿੱਚ ਉਹ ਇਕੱਲਾ ਰਹਿੰਦਾ ਸੀ। ਘਟਨਾ ਸਥਾਨ ’ਤੇ ਪੁਲਸ ਨੇ ਅਖਬਾਰ ਅਤੇ ਕੁਲਦੀਪ ਦੀਆਂ ਖ਼ੂਨ ਨਾਲ ਲਥਪਥ ਜੁਰਾਬਾਂ ਬਰਾਮਦ ਕੀਤੀਆਂ ਹਨ। ਨੇੜੇ ਪਏ ਸ਼ਰਾਬ ਦੀ ਬੋਤਲ ਦੇ ਟੁੱਟੇ ਕੱਚ ਦੇ ਟੁਕੜੇ ਵੀ ਕਬਜ਼ੇ ਵਿੱਚ ਲੈ ਲਏ ਹਨ।

## ਪੁਲਵਾਮਾ ਕਾਂਡ ਦੀ ਜਾਂਚ-ਰਿਪੋਰਟ: ਹਮਲੇ ਤੋਂ ਪਹਿਲਾਂ ਜੇ ਈ ਐਮ ਕਮਾਂਡਰ ਦੇ ਬੈਂਕ ਖਾਤੇ ਵਿੱਚ ਭੇਜੇ ਗਏ ਸੀ ਰੁਪਏ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਪੁਲਵਾਮਾ ਅੱਤਵਾਦੀ ਹਮਲੇ ਲਈ ਜੈਸ਼-ਏ-ਮੁਹੰਮਦ (ਜੇ ਈ ਐਮ) ਦੇ ਮੁਖੀ ਮਸੂਦ ਅਜਹਰ ਦੇ ਭਤੀਜੇ ਮੁਹੰਮਦ ਉਮਰ ਫਾਰੂਕ ਦੇ ਪਾਕਿਸਤਾਨ ਦੇ ਅਲਾਇਡ ਬੈਂਕ ਅਤੇ ਮੇਜਾਨ ਬੈਂਕ ਦੇ ਤਿੰਨ ਖਾਤਿਆਂ ਵਿੱਚ ਹਮਲੇ ਤੋਂ ਕੁਝ ਦਿਨ ਪਹਿਲਾਂ ਪਾਕਿਸਤਾਨੀ ਕਰੰਸੀ ਵਿੱਚ ਦਸ ਲੱਖ ਰੁਪਏ ਜਮਾ ਕਰਾਏ ਗਏ ਸਨ। ਜੇ ਈ ਐਮ ਅੱਤਵਾਦੀ ਗਰੁੱਪ ਦੀ ਕੇਂਦਰੀ ਲੀਡਰਸ਼ਿਪ ਹੇਠ ਜਨਵਰੀ ਅਤੇ ਫਰਵਰੀ 2019 ਵਿੱਚ ਇਹ ਪੈਸੇ ਜਮਾ ਕਰਾਏ ਗਏ ਸਨ। ਪਿਛਲੇ ਸਾਲ ਫਰਵਰੀ ਵਿੱਚ ਹੋਏ ਹਮਲੇ ਵਿੱਚ ਸੀ ਆਰ ਪੀ ਐਫ ਦੇ 40 ਜਵਾਨ ਮਾਰੇ ਗਏ ਸਨ। ਹਮਲੇ ਦਾ ਮੁੱਖ ਦੋਸ਼ੀ ਉਮਰ ਫਾਰੂਕ ਬਾਅਦ ਵਿੱਚ ਸੁਰੱਖਿਆ ਬੱਲਾਂ ਨਾਲ ਮੁਕਾਬਲੇ ਵਿੱਚ ਮਾਰਿਆ ਗਿਆ ਸੀ।

ਐਨ ਆਈ ਏ ਨੇ ਜੰਮੂ ਵਿੱਚ ਵਿਸ਼ੇਸ਼ ਅਦਾਲਤ ਵਿੱਚ ਦਾਇਰ ਦੋਸ਼ ਪੱਤਰ ਵਿੱਚ ਕਿਹਾ ਹੈ ਕਿ ਅੱਤਵਾਦੀਆਂ ਨੇ ਵਿਸਫੋਟਾਂ ਅਤੇ ਹਮਲੇ ਵਿੱਚ ਵਰਤੀ ਮਾਰੂਤੀ ਕਾਰ ਖ਼ਰੀਦਣ ਅਤੇ ਉਸ ਦੀ ਸ਼ਕਲ ਬਦਲਣ ’ਤੇ ਕਰੀਬ ਛੇ ਲੱਖ ਰੁਪਏ ਖ਼ਰਚ ਕੀਤੇ ਸਨ। ਕੁਝ ਧਨ ਵੱਖ ਵੱਖ ਤਰੀਕਿਆਂ ਨਾਲ ਖ਼ਰਚ ਕੀਤਾ ਗਿਆ, ਜਿਸ ਵਿੱਚ ਆਈ ਈ ਡੀ ਰੱਖੇ ਜਾਣ ਵਾਲੇ ਕੰਟੇਨਰਾਂ ਦੀ ਖ਼ਰੀਦਾਰੀ ਸ਼ਾਮਲ ਹੈ। ਪੈਸੇ ਦਾ ਵੱਡਾ ਹਿੱਸਾ ਕਰੀਬ ਦੋ ਲੱਖ 80 ਹਜ਼ਾਰ ਰੁਪਏ ਦਾ ਇਸਤੇਮਾਲ ਅਮੋਨੀਅਮ ਨਾਈਟ੍ਰੇਟ ਸਮੇਤ ਕਰੀਬ 200 ਕਿਲੋ ਗਰਾਮ ਵਿਸਫੋਟਕਾਂ ਦੀ ਖਰੀਦਦਾਰੀ ਲਈ ਕੀਤਾ ਗਿਆ। ਕਾਰ ਸ਼ਾਕਿਰ ਬਸ਼ੀਰ ਦੇ ਘਰ ਵਿੱਚ ਪਾਰਕ ਕੀਤੀ ਸੀ। ਸ਼ਾਕਿਰ ਬਸ਼ੀਰ ਨੇ ਵਿਸਫੋਟਕਾਂ ਆਰ ਡੀ ਐਕਸ ਜਿਲੇਟਿਨ ਦੀਆਂ ਛੜੀਆਂ, ਐਲਮੀਨੀਅਮ ਪਾਊਡਰ ਅਤੇ ਕੈਲਸ਼ੀਅਮ ਅਮੋਨੀਅਮ ਨਾਈਟ੍ਰੇਟ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਆਈ ਈ ਡੀ ਬਣਾਉਣ ਦੇ ਲਈ ਆਪਣੇ ਘਰ ਵਿੱਚ ਜਮਾਂ ਕੀਤਾ ਸੀ। ਬਸ਼ੀਰ ਨੇ ਹੀ ਜੰਮੂ-ਸ਼੍ਰੀਨਗਰ ਨੈਸ਼ਨਲ ਹਾਈਵੇ ’ਤੇ ਸੁਰੱਖਿਆ ਬਲਾਂ ਦੀ ਤੈਨਾਤੀ ਅਤੇ ਆਵਾਜਾਈ ਦੀ ਰੇਕੀ ਕੀਤੀ। ਆਈ ਈ ਡੀ ਨਾਲ ਲੱਦੀ ਕਾਰ ਨੂੰ ਸ਼੍ਰੀਨਗਰ ਵਿੱਚ 14 ਫਰਵਰੀ 2019 ਨੂੰ ਸੀ ਆਰ ਪੀ ਐਫ ਦੇ ਕਾਫਲੇ ਤੋਂ ਟਕਰਾਅ ਦਿੱਤਾ ਗਿਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਯੁੱਧਿਆ-ਮਸਜਿਦ ਟਰੱਸਟ ਵਿੱਚ ਸਰਕਾਰੀ ਮੈਂਬਰ ਦੀ ਨਿਯੁਕਤੀ ਲਈ ਅਰਜ਼ੀ ਦਾਇਰ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਇੱਕ ਅਰਜ਼ੀ ਦਾਇਰ ਕਰ ਕੇ ਅਯੁੱਧਿਆ ਮਸਜਿਦ ਟਰੱਸਟ ਵਿੱਚ ਇੱਕ ਸਰਕਾਰੀ ਮੈਂਬਰ ਦੀ ਨਿਯੁਕਤੀ ਦਾ ਹੁਕਮ ਦੇਣ ਦੀ ਮੰਗ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਅਯੁੱਧਿਆ ਮਸਜਿਦ ਟਰੱਸਟ ਅਸਲ ਵਿੱਚ ਓਥੇ ਮਸਜਿਦ ਬਣਾਉਣ ਲਈ ਬਣਾਇਆ ਗਿਆ ਹੈ। ਅਯੁੱਧਿਆ ਵਿੱਚ ਬਾਬਰੀ ਮਸਜਿਸ ਬਨਾਮ ਰਾਮ ਜਨਮ ਭੂਮੀ ਵਿਵਾਦ ਵਿੱਚ ਹਿੰਦੂ ਧਿਰ ਵਾਲੇ ਵਕੀਲਾਂ ਵਿੱਚੋਂ ਇੱਕ ਵਕੀਲ ਵਿਸ਼ਣੂ ਜੈਨ ਨੇ ਅਰਜ਼ੀ ਦਾਇਰ ਕੀਤੀ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਹੇਠ ਸੁੰਨੀ ਸੈਂਟਰਲ ਵਕਫ ਬੋਰਡ ਨੂੰ ਪੰਜ ਏਕੜ ਜ਼ਮੀਨ ਅਲਾਟ ਕਰਨ ਦਾ ਹੁਕਮ ਦਿੱਤਾ ਸੀ। ਕੋਰਟ ਦੇ ਫੈਸਲੇ ਹੇਠ ਉਤਰ ਪ੍ਰਦੇਸ਼ ਸਰਕਾਰ ਨੇ ਵਕਫ ਬੋਰਡ ਨੂੰ ਪੰਜ ਏਕੜ ਜ਼ਮੀਨ ਦਿੱਤੀ ਸੀ। ਵਕਫ ਬੋਰਡ ਨੇ 29 ਜੁਲਾਈ ਨੂੰ ’ਇੰਡੋ ਇਸਲਾਮਿਕ ਕਲਚਰਲ ਫਾਊਂਡੇਸ਼ਨ’ ਨਾਂਅ ਦਾ ਇੱਕ ਟਰੱਸਟ ਬਣਾਉਣ ਦਾ ਐਲਾਨ ਕੀਤਾ ਸੀ, ਜਿਸ ਵਿੱਚ ਇੱਕ ਮਸਜਿਦ, ਸਭਿਆਚਾਰਕ ਅਤੇ ਖੋਜ ਕੇਂਦਰ ਅਤੇ ਪਬਲਿਕ ਯੂਟੀਲਿਟੀ ਫੈਸਿਲਿਟੀ ਬਣਾਉਣ ਦੀ ਤਜਵੀਜ਼ ਹੈ ਤੇ ਇਸ ਵਿੱਚ ਕਮਿਊਨਿਟੀ ਰਸੋਈ ਘਰ, ਇੱਕ ਹਸਪਤਾਲ ਅਤੇ ਅਲਾਟ ਜ਼ਮੀਨ ’ਤੇ ਇੱਕ ਲਾਇਬਰੇਰੀ ਸ਼ਾਮਲ ਹੋਵੇਗੀ।

ਪਟੀਸ਼ਨਰ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਕੇਂਦਰ ਨੂੰ ਇੱਕ ਟਰੱਸਟ ਬਣਾਉਣ ਦੀ ਹਦਾਇਤ ਦਿੱਤੀ ਜਾਏ, ਜਿਸ ਵਿੱਚ ਸਰਕਾਰੀ ਅਫਸਰਾਂ ਨੂੰ ਉਸੇ ਤਰ੍ਹਾਂ ਨਾਲ ਨਾਮਜ਼ਦ ਕਰਨ ਦਾ ਨਿਯਮ ਲਾਗੂ ਹੋਵੇ ਜਿਸ ਤਰ੍ਹਾਂ ਪੰਜ ਫਰਵਰੀ ਦੇ ਇੱਕ ਹੁਕਮ ਰਾਹੀਂ ਕੇਂਦਰ ਵੱਲੋਂ ਬਣਾਏ ਗਏ ਅਯੁੱਧਿਆ ਤੀਰਥ ਖੇਤਰ ਟਰੱਸਟ ਵਿੱਚ ਨਿਯਮ ਲਾਗੂ ਕੀਤਾ ਗਿਆ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment (416) 970-5005
Century 21 President Realty Inc Brokerage*
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਸੇਵਾ ਦਾ ਫਲ

–ਡਾਕਟਰ ਅਰਵਿੰਦਰ ਸਿੰਘ ਨਾਗਪਾਲ

ਮੈਂ ਡਾਕਟਰ, ਤੇ ਉਹ ਵੀ ਅੱਖਾਂ ਦਾ ਮਾਹਰ ਡਾਕਟਰ ਇਸ ਲਈ ਬਣਿਆ ਕਿ ਸ਼ੁਰੂ ਤੋਂ ਮੇਰੇ ਅੰਦਰ ਸਮਾਜ ਲਈ ਕੁਝ ਕਰਨ ਦਾ ਜਜ਼ਬਾ ਸੀ, ਖਾਸ ਕਰ ਕੇ ਬਜ਼ੁਰਗਾਂ ਲਈ ਕੁਝ ਕਰਨ ਦਾ, ਜਿਨ੍ਹਾਂ ਦਾ ਕੋਈ ਵਾਲੀ-ਵਾਰਸ ਨਹੀਂ ਹੁੰਦਾ। ਇਸੇ ਕਰ ਕੇ ਸਰਕਾਰੀ ਨੌਕਰੀ ਸ਼ੁਰੂ ਕੀਤੀ, ਕਿਉਂਕਿ ਸਮਾਜ ਦੇ ਸਭ ਤੋਂ ਵੱਧ ਲੋੜਵੰਦ ਸਰਕਾਰੀ ਹਸਪਤਾਲ ਤੱਕ ਪਹੁੰਚ ਕਰਦੇ ਹਨ। ਉਸ ਵਕਤ ਦੇ ਸਿਹਤ ਸਕੱਤਰ ਐੱਸ ਐੱਸ ਬੋਪਾਰਾਏ ਨੇ ਜੁਆਇਨਿੰਗ ਆਰਡਰ ਦੇਣ ਲੱਗਿਆਂ ਮੈਨੂੰ ਆਪਣੇ ਕਮਰੇ ਵਿੱਚ ਬੁਲਾ ਕੇ ਕਿਹਾ, 'ਤੇਰੀ ਪੋਸਟਿੰਗ ਪੇਂਡੂ ਇਲਾਕੇ ਵਿੱਚ ਕਰ ਰਿਹਾ ਹਾਂ, ਉਥੇ ਅੱਖਾਂ ਦੇ ਇਲਾਜ ਦੀ ਵੱਧ ਲੋੜ ਹੈ।' ਮੈਂ ਹਾਮੀ ਭਰੀ ਅਤੇ ਭਰੋਸਾ ਦਿੱਤਾ ਕਿ ਆਪਣੇ ਵਿੱਤ ਤੋਂ ਵੱਧ ਕੰਮ ਕਰਨ ਦੀ ਕੋਸ਼ਿਸ਼ ਕਰਾਂਗਾ।

ਤਿੰਨ ਸਾਲ ਬਾਅਦ ਛੋਟੇ ਜਿਹੇ ਸ਼ਹਿਰ ਦੇ ਹਸਪਤਾਲ ਵਿੱਚ ਮੇਰੀ ਬਦਲੀ ਕਰ ਦਿੱਤੀ ਗਈ, ਕਿਉਂਕਿ ਉਥੇ ਅੱਖਾਂ ਦੇ ਡਾਕਟਰ ਦੀ ਲੋੜ ਸੀ। ਉਸ ਜਗ੍ਹਾ ਸਭ ਸਹੂਲਤਾਂ ਮੌਜੂਦ ਸਨ, ਸੋ ਸੇਵਾ ਕਰਨ ਦਾ ਮੌਕਾ ਵੀ ਭਰਪੂਰ ਮਿਲਿਆ। ਆਲੇ-ਦੁਆਲੇ ਦੇ ਸੌ ਤੋਂ ਵੱਧ ਪਿੰਡਾਂ ਦੇ ਮਰੀਜ਼ ਅੱਖਾਂ ਦਾ ਇਲਾਜ ਕਰਾਉਣ ਲਈ ਆਉਂਦੇ ਸਨ। ਮੈਂ ਸਵੇਰੇ ਅੱਠ ਤੋਂ ਦੁਪਹਿਰ ਤਿੰਨ ਵਜੇ ਤੱਕ ਕਰੀਬ 150 ਮਰੀਜ਼ ਦੇਖਦਾ, ਉਸ ਤੋਂ ਬਾਅਦ ਆਪਰੇਸ਼ਨ ਕਰਦਾ। ਭੀੜ ਵੱਧ ਹੋਣ ਕਰ ਕੇ ਲਾਈਨ ਵਿੱਚ ਲੱਗੇ ਮਰੀਜ਼ਾਂ ਨੂੰ ਕਈ ਵਾਰ ਤਿੰਨ ਤੋਂ ਚਾਰ ਘੰਟੇ ਇੰਤਜ਼ਾਰ ਕਰਨਾ ਪੈਂਦਾ। ਮੈਂ ਆਪਣੇ ਸਟਾਫ ਨੂੰ ਕਿਹਾ ਹੋਇਆ ਸੀ ਕਿ ਜੋ ਪਹਿਲਾਂ ਆਇਆ ਹੈ, ਉਸ ਨੂੰ ਪਹਿਲਾਂ ਦਿਖਾਓ, ਕੋਈ ਸਿਫਾਰਸ਼ ਨਹੀਂ। ਸਾਰਾ ਬੰਦੋਬਸਤ ਬਹੁਤ ਵਧੀਆ ਚੱਲ ਰਿਹਾ ਸੀ। ਮੇਰੇ ਅਧਿਕਾਰੀਆਂ, ਸਟਾਫ ਜਾਂ ਮਰੀਜ਼ਾਂ ਨੂੰ ਕੋਈ ਸ਼ਿਕਾਇਤ ਨਹੀਂ ਸੀ। ਪਿੰਡਾਂ ਵਾਲਿਆਂ ਦੇ ਬੁਲਾਵੇ ਉਤੇ ਅਸੀਂ ਅੱਖਾਂ ਦੇ ਮੁਫਤ ਚੈਕਅਪ ਕੈਂਪ ਲਾਉਣ ਵੀ ਜਾਂਦੇ।

ਇੱਕੋ ਥਾਂ ਸੇਵਾ ਕਰਦਿਆਂ ਚਾਰ ਕੁ ਸਾਲ ਹੋ ਗਏ ਸਨ। ਇੱਕ ਦਿਨ ਮੇਰੇ ਸੀਨੀਅਰ ਮੈਡੀਕਲ ਅਫਸਰ ਨੇ ਮੈਨੂੰ ਆਪਣੇ ਕਮਰੇ ਵਿੱਚ ਬੁਲਾ ਕੇ ਕਿਹਾ, 'ਮਾੜੀ ਖਬਰ ਹੈ, ਤੇਰਾ ਤਬਾਦਲਾ ਕਿਸੇ ਦੂਰ ਦੀ ਡਿਸਪੈਂਸਰੀ ਵਿੱਚ ਕਰ ਦਿੱਤਾ ਗਿਆ ਹੈ।' ਮੈਨੂੰ ਹੈਰਾਨੀ ਹੋਈ। ਅਗਸਤ ਦਾ ਮਹੀਨਾ ਸੀ। ਬਦਲੀਆਂ ਦਾ ਮੌਸਮ ਲੰਘ ਗਿਆ ਸੀ। ਆਰਡਰ ਵਿੱਚ ਮੇਰੀ ਜਗ੍ਹਾ ਕਿਸੇ ਡਾਕਟਰ ਦਾ ਨਾਂਅ ਵੀ ਨਹੀਂ ਸੀ। ਸੀਨੀਅਰ ਡਾਕਟਰ ਨੇ ਕਿਹਾ, 'ਤੂੰ ਫਿਕਰ ਨਾ ਕਰ, ਮੈਂ ਪਤਾ ਲਾਉਂਦਾ ਹਾਂ।' ਕੁਝ ਦਿਨ ਬਾਅਦ ਉਸ ਨੇ ਮੈਨੂੰ ਬੁਲਾ ਕੇ ਅਸਲ ਕਹਾਣੀ ਦੱਸੀ। ਕੋਈ ਮਰੀਜ਼ ਮੈਨੂੰ ਦਿਖਾਉਣਾ ਚਾਹੁੰਦਾ ਸੀ, ਪਰ ਲਾਈਨ ਵਿੱਚ ਨਹੀਂ ਸੀ ਲੱਗਣਾ ਚਾਹੁੰਦਾ। ਉਹ ਹਲਕੇ ਦੇ ਐੱਮ ਐੱਲ ਏ, ਜੋ ਉਸ ਵਕਤ ਸੀਨੀਅਰ ਕੈਬਨਿਟ ਮੰਤਰੀ ਸੀ, ਕੋਲ ਗਿਆ ਅਤੇ ਸਿਫਾਰਸ਼ੀ ਚਿੱਠੀ ਲਿਖਵਾ ਲਿਆਇਆ, ਪਰ ਮੇਰੇ ਸਟਾਫ ਨੇ ਮੇਰੀਆਂ ਹਦਾਇਤਾਂ ਮੁਤਾਬਕ ਉਸ ਦੀ ਪਰਚੀ ਪਾੜ ਕੇ ਸੁੱਟ ਦਿੱਤੀ ਅਤੇ ਉਸ ਨੂੰ ਲਾਈਨ ਵਿੱਚ ਖੜ੍ਹੇ ਹੋਣ ਲਈ ਕਿਹਾ। ਉਸ ਸ਼ਖਸ ਨੇ ਮੰਤਰੀ ਕੋਲ ਸ਼ਿਕਾਇਤ ਕਰ ਦਿੱਤੀ। ਮੰਤਰੀ ਨੂੰ ਬਹੁਤ ਬੁਰਾ ਲੱਗਿਆ। ਉਸ ਨੇ ਸਕੱਤਰ ਨੂੰ ਫੋਨ ਖੜਕਾਇਆ ਤੇ ਕਿਹਾ, ''ਇਸ ਡਾਕਟਰ ਦੀ ਤੁਰੰਤ ਬਦਲੀ ਕਰ ਦਿਓ।''

ਪੂਰੀ ਕਹਾਣੀ ਦੱਸ ਕੇ ਮੇਰੇ ਸੀਨੀਅਰ ਨੇ ਮੈਨੂੰ ਕਿਹਾ, 'ਮੰਤਰੀ ਜੀ ਤੇਰੇ ਨਾਲ ਨਾਰਾਜ਼ ਹਨ, ਜਾ ਕੇ ਮੁਆਫੀ ਮੰਗ ਲੈ। ਮੈਨੂੰ ਲੱਗਦੈ, ਬਦਲੀ ਕੈਂਸਲ ਹੋ ਜਾਏਗੀ।' ਮੈਨੂੰ ਬੜੀ ਔਖ ਮਹਿਸੂਸ ਹੋਈ, 'ਮੇਰੀ ਕੋਈ ਗਲਤੀ ਨਹੀਂ। ਮੈਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾ ਰਿਹਾ ਹਾਂ, ਮੈਂ ਮੁਆਫੀ ਕਿਉਂ ਮੰਗਾਂ।' ਕੁਝ ਦਿਨ ਹੋਰ ਲੰਘ ਗਏ। ਕਿਸੇ ਨੇ ਮੰਤਰੀ ਨੂੰ ਜਾ ਕੇ ਦੱਸਿਆ ਕਿ ਡਾਕਟਰ ਅਜੇ ਰਿਲੀਵ ਨਹੀਂ ਹੋਇਆ, ਮੰਤਰੀ ਨੇ ਫਿਰ ਸਕੱਤਰ ਨੂੰ ਕਿਹਾ, 'ਡਾਕਟਰ ਨੂੰ 24 ਘੰਟਿਆਂ ਵਿੱਚ ਰਿਲੀਵ ਕਰ ਕੇ ਮੈਨੂੰ ਰਿਪੋਰਟ ਕਰੋ।'

ਮੈਨੂੰ ਪਤਾ ਲੱਗਾ ਤਾਂ ਮੈਂ ਆਪਣੇ ਸੀਨੀਅਰ ਨੂੰ ਕਿਹਾ, ''ਮੈਂ ਅਜਿਹੀ ਨੌਕਰੀ ਹੀ ਨਹੀਂ ਕਰਨਾ ਚਾਹੁੰਦਾ ਜਿੱਥੇ ਕੰਮ ਦੀ ਇੱਜ਼ਤ ਹੀ ਕੋਈ ਨਹੀਂ।'' ਮੈਂ 24 ਘੰਟੇ ਦੇ ਨੋਟਿਸ 'ਤੇ ਤਿਆਗ ਪੱਤਰ ਦੇ ਕੇ ਪੱਕੀ ਸਰਕਾਰੀ ਨੌਕਰੀ ਨੂੰ ਲੱਤ ਮਾਰ ਦਿੱਤੀ। ਫਿਰ ਆਪਣੀ ਹਿੰਮਤ ਨਾਲ ਚੈਰੀਟੇਬਲ ਹਸਪਤਾਲ ਖੋਲ੍ਹ ਲਿਆ। ਮੈਨੂੰ ਕਿਸੇ ਮੰਤਰੀ ਨੂੰ ਖੁਸ਼ ਕਰਨ ਦੀ ਲੋੜ ਨਹੀਂ ਪੈਂਦੀ ਤੇ ਬਦਲੀ ਦਾ ਖਤਰਾ ਵੀ ਨਹੀਂ। ਮੇਰੇ ਨਾਲ ਦੇ ਡਾਕਟਰ ਤਰੱਕੀਆਂ ਲੈ ਕੇ ਸਿਵਲ ਸਰਜਨ ਬਣ ਗਏ ਹਨ, ਸੋਹਣੀ ਤਨਖਾਹ ਅਤੇ ਪੈਨਸ਼ਨ ਵਾਲੀ ਨੌਕਰੀ। ਕਈ ਵਾਰ ਛਿਣ ਭਰ ਲਈ ਉਨ੍ਹਾਂ ਨਾਲ ਈਰਖਾ ਤਾਂ ਹੁੰਦੀ ਹੈ, ਪਰ ਮਨ ਦੀ ਸ਼ਾਂਤੀ ਜਿਹੜੀ ਮੈਨੂੰ ਆਪਣਾ ਕੰਮ ਕਰ ਕੇ ਮਿਲ ਰਹੀ ਹੈ, ਉਸ ਦੇ ਨਾਲ ਦੀ ਕੋਈ ਰੀਸ ਨਹੀਂ।

## ਹਲਕਾ ਫੁਲਕਾ

ਅਜੈ (ਗਗਨ ਨੂੰ), ''ਯਾਰ, ਪੁਰਾਣੀ ਕਹਾਵਤ ਹੈ ਕਿ ਪਤੀ ਤੇ ਪਤੰਗ 'ਚ ਕੋਈ ਖਾਸ ਫਰਕ ਨਹੀਂ ਹੁੰਦਾ।''

ਗਗਨ, ''ਯਾਰ ਫਰਕ ਇਸ ਲਈ ਨਹੀਂ ਕਿ ਇੱਕ ਪਤਨੀ ਦਾ ਗੁਲਾਮ ਹੁੰਦਾ ਹੈ, ਤਾਂ ਦੂਜਾ ਡੋਰ ਦਾ।''

*********

ਇੱਕ ਦਿਨ ਚਮੇਲੀ ਨੇ ਆਪਣੀ ਮਾਂ ਨੂੰ ਪਤੀ ਦੀ ਸ਼ਿਕਾਇਤ ਕਰਦਿਆਂ ਕਿਹਾ, ''ਮਾਂ, ਮੈਂ ਇਸ ਦੇ ਆਵਾਰਾਪਣ ਤੋਂ ਤੰਗ ਆ ਗਈ ਹਾਂ।''

ਮਾਂ, ''ਕਿਉਂ, ਕੀ ਹੋਇਆ?''

ਚਮੇਲੀ, ''ਕੀ ਦੱਸਾਂ ਮਾਂ। ਕੱਲ੍ਹ ਦੀ ਗੱਲ ਲੈ ਲਓ, ਮੈਂ ਇਸ ਨੂੰ ਸਿਨੇਮਾਘਰ ਵਿੱਚ ਕਿਸੇ ਦੂਜੀ ਔਰਤ ਨਾਲ ਬੈਠਾ ਦੇਖਿਆ।''

ਮਾਂ, ''...ਤਾਂ ਤੂੰ ਉਸ ਨੂੰ ਰੰਗੇ ਹੱਥ ਕਿਉਂ ਨਹੀਂ ਫੜਿਆ?'

ਚਮੇਲੀ (ਡੂੰਘਾ ਸਾਹ ਲੈ ਕੇ ਬੋਲੀ), ''ਇੰਝ ਕਿਵੇਂ ਫੜਦੀ ਮਾਂ। ਮੈਂ ਵੀ ਆਪਣੇ ਪੁਰਾਣੇ ਬੁਆਏਫਰੈਂਡ ਨਾਲ ਬੈਠੀ ਹੋਈ ਸੀ।''

*********

ਇੱਕ ਮੁੰਡੇ ਨੇ ਕੁੜੀ ਨੂੰ ਪ੍ਰਪੋਜ਼ ਕੀਤਾ ਤਾਂ ਕੁੜੀ ਨੇ ਮਨ੍ਹਾ ਕਰ ਦਿੱਤਾ।

ਮੁੰਡਾ ਬੋਲਿਆ, ''ਮੈਂ ਤੇਰੀ ਉਡੀਕ ਕਰਾਂਗਾ। ਮੈਂ ਤੀਹ ਦਿਨ ਤੇਰੇ ਘਰ ਦੇ ਹੇਠਾਂ ਖੜ੍ਹਾ ਰਹਾਂਗਾ।''

ਤੀਹ ਦਿਨ ਬੀਤਣ ਤੋਂ ਬਾਅਦ ਕੁੜੀ ਬੋਲੀ, ''ਆਈ ਲਵ ਯੂ।''

ਮੁੰਡਾ ਬੋਲਿਆ, ''ਰਹਿਣ ਦੇ, ਏਨੇ ਦਿਨਾਂ ਵਿੱਚ ਤੇਰੀ ਗੁਆਂਢਣ ਸੈੱਟ ਹੋ ਗਈ ਹੈ।''

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

## ਵਿਅੰਗ

# ਕੋਰੋਨਾ ਦੀ ਮਹਿਮਾ ਨਿਆਰੀ


–ਨੂਰ ਸੰਤੋਖਪੁਰੀ

ਅੱਜਕੱਲ੍ਹ ਕਿਸੇ ਦੇ ਬੂਹੇ ਅੱਗੇ ਦੀ ਗੱਲ ਛੱਡੋ, ਆਪਣੇ ਘਰ ਦੇ ਬੂਹੇ ਅੱਗੇ ਖੰਘੂਰਾ ਮਾਰਨਾ ਆਦਮੀ ਲਈ ਖਤਰਾ ਖੜ੍ਹਾ ਕਰ ਸਕਦਾ ਹੈ। ਜੇ ਕੋਈ ਜ਼ੋਰ ਨਾਲ ਛਿੱਕ ਜਾਂ ਖੰਘੂਰਾ ਮਾਰ ਦੇਵੇ ਤਾਂ ਇਸ ਵਿਸਫੋਟਕ ਕਿਰਿਆ ਨੂੰ ਖਤਰੇ ਦੀ ਘੰਟੀ ਸਮਝ ਲਿਆ ਜਾਂਦਾ ਹੈ। ਪਹਿਲਾਂ ਜੇ ਗਲੀ 'ਚ ਤੁਰਿਆ ਜਾਂਦਾ ਕੋਈ ਆਦਮੀ ਕਿਸੇ ਦੇ ਬੂਹੇ ਅੱਗੇ ਖੰਘੂਰਾ ਮਾਰ ਕੇ ਲੰਘਦਾ ਸੀ ਤਾਂ ਸਮਝਿਆ ਜਾਂਦਾ ਸੀ ਕਿ ਇਸ ਨੇ ਜਾਣ-ਬੁੱਝ ਕੇ ਦੁਸ਼ਮਣੀ ਦੀ ਭਾਵਨਾ ਨਾਲ ਖੰਘੂਰਾ ਮਾਰਿਆ ਹੈ। ਉਸ ਦੇ ਵੱਜੇ ਖੰਘੂਰੇ ਨੂੰ ਸੀਨੇ 'ਚ ਵੱਜੇ ਖੰਜਰ ਵਾਂਗ ਸਮਝਿਆ ਜਾਂਦਾ ਸੀ। ਕਈ ਵਾਰ ਖੰਘੂਰਾ ਮਾਰਨ ਤੋਂ ਲੋਕਾਂ ਦਾ ਆਪਸ 'ਚ ਝਗੜਾ ਹੋ ਜਾਂਦਾ ਸੀ। ਇੱਟ-ਖੜੱਕਾ, ਡਾਂਗ-ਸੋਟਾ ਹੋ ਜਾਂਦਾ ਸੀ। ਗੱਲ ਥਾਣੇ-ਕਚਹਿਰੀ ਤੱਕ ਪਹੁੰਚ ਜਾਂਦੀ ਸੀ। ਅੱਜਕੱਲ੍ਹ ਸਿੱਧੀ ਹਸਪਤਾਲ ਤੱਕ ਪਹੁੰਚ ਜਾਂਦੀ ਹੈ। ਛਿੱਕ ਜਾਂ ਖੰਘੂਰਾ ਮਾਰਨ ਵਾਲੇ ਦਾ ਹਸਪਤਾਲ 'ਚੋਂ ਕਦੋਂ ਛੁਟਕਾਰਾ ਹੋਵੇ, ਇਹਦੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਹ ਗੱਲ ਪਰਮਾਤਮਾ ਜਾਣਦਾ ਹੈ ਜਾਂ ਹਸਪਤਾਲ ਦਾ ਡਾਕਟਰੀ ਅਮਲਾ ਜਾਣਦਾ ਹੈ।

ਅੱਜਕੱਲ੍ਹ ਖੰਘਣ-ਛਿੱਕਣ ਵਾਲਿਆਂ ਨੂੰ ਕੋਰੋਨਾ ਦੇ ਦੂਤ ਸਮਝਿਆ ਜਾਂਦਾ ਹੈ। ਅਕਲ ਦੀ ਘਾਟ ਕਾਰਨ ਬਹੁਤ ਸਾਰੇ ਲੋਕ ਆਮ ਬੁਖਾਰ, ਜ਼ੁਕਾਮ, ਖੰਘ ਨੂੰ ਕੋਵਿਡ-19 ਮਹਾਮਾਰੀ ਦੇ ਲੱਛਣ ਸਮਝ ਲੈਂਦੇ ਹਨ ਤੇ ਕਿਸੇ ਆਪਣੇ ਸਕੇ ਵੱਲੋਂ ਜਾਂ ਕਿਸੇ ਗੁਆਂਢੀ ਜਾਂ ਹੋਰ ਕਿਸੇ ਵੱਲੋਂ ਛਿੱਕ ਜਾਂ ਖੰਘੂਰਾ ਮਾਰਨ 'ਤੇ ਫੋਨ ਕਰ ਕੇ ਝਟਪਟ ਸਰਕਾਰੀ ਐਂਬੂਲੈਂਸ ਮੰਗਵਾਉਣ ਦੀ ਸੋਚਦੇ ਹਨ। ਕੋਵਿਡ 19 ਦੇ ਲੱਛਣ ਭਾਵੇਂ ਉਘੜਵੇਂ ਨਾ ਹੋਣ, ਤਾਂ ਵੀ ਸ਼ੱਕੀ ਮਰੀਜ਼ ਨੂੰ ਐਂਬੂਲੈਂਸ 'ਚ ਲੱਦ ਲਈਦਾ ਤੇ ਹਸਪਤਾਲ ਚੈਕਅਪ ਵਾਸਤੇ ਲਿਜਾਇਆ ਜਾਂਦਾ ਹੈ। ਜੇ ਕੋਈ ਸਿੱਧੀ ਤਰ੍ਹਾਂ ਨਾ ਮੰਨੇ ਤਾਂ ਪੁਲਸ ਦੀ ਮਦਦ ਲਈ ਜਾਂਦੀ ਹੈ।

ਮੌਸਮ ਬਦਲਣ ਨਾਲ ਜਾਂ ਸਰੀਰ ਗਰਮ-ਸਰਦ ਹੋਣ ਨਾਲ ਬਹੁਤ ਸਾਰੇ ਲੋਕਾਂ ਨੂੰ ਨਜ਼ਲਾ, ਜ਼ੁਕਾਮ, ਖੰਘ, ਬੁਖਾਰ ਵਗੈਰਾ ਹੋ ਜਾਂਦਾ ਹੈ। ਇਹੋ-ਜਿਹੇ ਲੋਕ ਅੱਜਕੱਲ੍ਹ ਬੇਗਾਨਿਆਂ ਦੀ ਛੱਡੋ, ਆਪਣਿਆਂ ਦੀ ਨਜ਼ਰ ਤੋਂ ਵੀ ਬਚ-ਬਚ ਕੇ ਰਹਿੰਦੇ ਹਨ। ਵਿਚਾਰੇ ਉੱਚੀ ਸਾਹ ਨਹੀਂ ਲੈਂਦੇ। ਕਈ ਦਮਾ-ਰੋਗੀਆਂ ਨੂੰ ਦਮੇ ਦੇ ਦੌਰੇ ਸਮੇਂ ਖਿੱਚ-ਖਿੱਚ ਕੇ ਸਾਹ ਲੈਣਾ ਪੈਂਦਾ ਹੈ। ਕੋਵਿਡ 19 ਮਹਾਮਾਰੀ ਦੀ ਦਹਿਸ਼ਤ ਵਿੱਚ ਘਿਰੇ ਕਈ ਡਾਕਟਰਾਂ ਨੇ ਆਮ ਬੁਖਾਰ, ਖੰਘ, ਨਜ਼ਲਾ, ਜ਼ੁਕਾਮ ਅਤੇ ਦਮੇ ਦੇ ਰੋਗੀਆਂ ਦਾ ਇਲਾਜ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਕਈ ਗੈਰ-ਸਰਕਾਰੀ ਹਸਪਤਾਲਾਂ ਦੇ ਬੂਹੇ ਹੀ ਬੰਦ ਹੋ ਗਏ। ਸਮੇਂ ਸਿਰ ਇਲਾਜ ਅਤੇ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਸ਼ੂਗਰ, ਦਿਲ ਦੇ ਰੋਗਾਂ, ਗੁਰਦਿਆਂ ਦੇ ਰੋਗਾਂ, ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਤੇ ਹੋਰ ਰੋਗਾਂ ਦੇ ਮਰੀਜ਼ ਮਰਨ ਤੋਂ ਪਹਿਲਾਂ ਹੀ ਮਰ ਗਏ। ਮਨੁੱਖਤਾ ਦੇ ਰਾਖੇ, ਸਮਾਜ ਦੇ ਯੋਧੇ ਤੇ ਸੱਚੇ ਸੇਵਕ, ਰੱਬੀ ਰੂਪ ਉਨ੍ਹਾਂ ਡਾਕਟਰਾਂ, ਮੈਡੀਕਲ ਸਟਾਫ ਦੇ ਬਾਕੀ ਮੈਂਬਰ (ਨਰਸਾਂ, ਕੰਪਾਊਂਡਰਾਂ, ਵਾਰਡ ਅਟੈਂਡੈਂਟ ਆਦਿ) ਨੂੰ ਲੱਖ ਵਾਰ ਸਲਾਮ, ਜਿਨ੍ਹਾਂ ਨੇ ਕੋਵਿਡ 19 ਤੋਂ ਪ੍ਰਭਾਵਤ ਮਰੀਜ਼ਾਂ ਤੋਂ ਇਲਾਵਾ ਬਾਕੀ ਮਰੀਜ਼ਾਂ ਦਾ ਇਲਾਜ ਆਪਣੀ ਜਾਨ ਖਤਰੇ 'ਚ ਪਾ ਕੇ ਕੀਤਾ ਅਤੇ ਅੱਜ ਵੀ ਕਰ ਰਹੇ ਹਨ। ਜਿਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਰ ਰਹੇ ਹਨ, ਉਨ੍ਹਾਂ ਨੂੰ ਲੱਖ ਵਾਰ ਲਾਹਨਤਾਂ ਤੇ ਫਿਟਕਾਰਾਂ। ਉਹ ਦੇਸ਼ ਤੇ ਸਮਾਜ ਦੇ ਸੇਵਕ ਨਹੀਂ, ਦੁਸ਼ਮਣ ਹਨ।

ਨੋਵਲ ਕੋਰੋਨਾ ਵਿਸ਼ਾਣੂ ਨੇ ਸਮਾਜ ਦੀ ਢਿੰਬਰੀ ਟੈਟ ਕਰ ਦਿੱਤੀ ਹੈ। ਲੋਕਾਂ ਨੂੰ ਸੰਜਮ ਰੱਖਣਾ ਵੀ ਸਿਖਾ ਦਿੱਤਾ ਹੈ। ਬੱਚਤ ਕਰਨੀ ਸਿਖਾ ਦਿੱਤੀ ਹੈ। ਫਜ਼ੂਲ ਖਰਚੀ ਅਤੇ ਆਵਾਰਾਗਰਦੀ ਕਰਨ ਤੋਂ ਰੋਕ ਦਿੱਤਾ ਹੈ। ਲੋਕ ਇੱਕ-ਦੂਸਰੇ ਨੂੰ ਮੂੰਹ ਦਿਖਾਉਣ ਤੋਂ ਡਰਨ ਲੱਗੇ ਹਨ। ਮਤਲਬ ਮੂੰਹਾਂ 'ਤੇ ਵੱਖ-ਵੱਖ



ਰੰਗਾਂ, ਕਿਸਮਾਂ ਤੇ ਡਿਜ਼ਾਈਨਾਂ ਦੇ ਮਾਸਕ ਪਾ ਕੇ ਜਾਂ ਕੱਪੜੇ ਬੰਨ੍ਹ ਕੇ ਰੱਖਦੇ ਹਨ। ਮਜਬੂਰੀ ਤੇ ਬੇਵਕੂਫੀ 'ਚ ਫਰਕ ਹੈ। ਬੇਵਕੂਫ ਬੰਦੇ ਇੱਕ ਦੂਜੇ ਤੋਂ ਦੋ ਗਜ ਦੀ ਦੂਰੀ ਨਹੀਂ ਰੱਖਦੇ। ਸਮਝਦਾਰ ਰੱਖਦੇ ਨੇ। ਸਰਕਾਰੀ ਹਦਾਇਤਾਂ, ਕਾਨੂੰਨੀ ਬੰਦਸ਼ਾਂ ਕਾਰਨ ਬਹੁਤ ਸਾਰੇ ਲੋਕ ਬਹੁਤ ਸਮਝਦਾਰ ਹੋ ਗਏ ਹਨ। ਉਹ ਘਰਾਂ 'ਚੋਂ ਬਾਹਰ ਨਿਕਲਣ ਲੱਗਿਆਂ ਆਪਣੇ ਨੱਕ-ਮੂੰਹ ਢੱਕ ਰੱਖਦੇ ਹਨ। ਕਈ ਕਰਜ਼ਦਾਰਾਂ, ਡਿਫਾਲਟਰਾਂ ਨੂੰ ਨੱਕ-ਮੂੰਹ ਢਕਣ ਦਾ ਨੇਮ ਬੜਾ ਰਾਸ ਆ ਰਿਹਾ ਹੈ। ਉਹ ਕਰਜ਼ਦਾਤੇ ਸ਼ਾਹੂਕਾਰਾਂ ਕੋਲੋਂ ਤੇ ਬੈਂਕਾਂ, ਫਾਇਨੈਂਸ ਕੰਪਨੀਆਂ ਦੇ ਅੱਗੇ ਆਪਣੀ ਪਛਾਣ ਲੁਕਾ ਕੇ ਲੰਘ ਜਾਂਦੇ ਹਨ। ਭਗੌੜੇ-ਭਗੌੜੀਆਂ, ਚੋਰ-ਲੁਟੇਰੇ, ਆਸ਼ਿਕ-ਮਸ਼ੂਕਾਂ ਵਗੈਰਾ ਵੀ ਨਾ ਪਛਾਣੇ ਜਾ ਸਕਣ ਕਾਰਨ ਡਾਢੇ ਖੁਸ਼ ਹਨ। ਆਨੰਦ-ਪ੍ਰਸੰਨ ਹਨ।

ਕਿਸ ਨੇ ਸੋਚਿਆ ਸੀ ਕਿ ਸਾਦੇ ਵਿਆਹਾਂ, ਸਾਦੇ ਭੋਗਾਂ, ਰਸਮ-ਪਗੜੀਆਂ, ਹੋਰ ਸਾਦੇ ਸਮਾਰੋਹਾਂ, ਸਮਾਗਮਾਂ ਦਾ ਦੌਰ ਫਿਰ ਆ ਜਾਵੇਗਾ? ਨੱਕ ਰੱਖਣ ਜਾਂ ਟੌਹਰ ਜਮਾਉਣ ਲਈ ਦੁੱਕੀ-ਤਿੱਕੀ ਬੰਦਾ ਵੀ ਕਰਜ਼ਾ ਚੁੱਕ ਕੇ ਆਪਣੇ ਪੁੱਤਰਾਂ ਜਾਂ ਧੀਆਂ ਦੇ ਵਿਆਹਾਂ 'ਤੇ ਆਪਣੇ ਬਜ਼ੁਰਗਾਂ ਮਾਪਿਆਂ ਦੇ ਭੋਗਾਂ 'ਤੇ ਅੰਤਾਂ ਦਾ ਧਨ ਖਰਚ ਕਰਦਾ ਸੀ। ਮਤਲਬ ਅੱਡੀਆਂ ਚੁੱਕ ਚੁੱਕ ਫਾਹਾ ਲੈਂਦਾ ਸੀ। ਇਹ ਜਦੋਂ ਦਾ ਨੋਵਲ ਕੋਰੋਨਾ ਵਿਸ਼ਾਣੂ ਮਹਾਰਾਜ ਪ੍ਰਗਟ ਹੋਇਆ ਹੈ ਅਤੇ ਨਾਲ ਹੀ ਜ਼ਿਆਦਾ ਲੋਕ ਨਾ ਇਕੱਠੇ ਕਰਨ ਦਾ ਸਰਕਾਰੀ ਫਰਮਾਨ ਜਾਰੀ ਹੋਇਆ ਹੈ, ਉਦੋਂ ਤੋਂ ਵੱਡੇ-ਵੱਡੇ ਨਾਢੂ ਖਾਂ ਵੀ ਫਜ਼ੂਲਖਰਚੀ ਅਤੇ ਲੋਕ ਦਿਖਾਵੇ ਤੋਂ ਤੌਬਾ ਕਰਨ ਲੱਗ ਪਏ ਹਨ।

ਸਾਡੀ ਮੋਤੀਆਂ ਵਾਲੀ ਸੂਬਾ ਸਰਕਾਰ ਨੂੰ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਕੋਲੋਂ ਤਨਖਾਹਾਂ-ਭੱਤੇ ਵਗੈਰਾ ਦੇਣ ਦੀ ਫਿਕਰ ਕਰਨੀ ਛੱਡ ਦੇਣੀ ਚਾਹੀਦੀ ਹੈ। ਰੋਜ਼ ਇਸ ਮਹਿਕਮੇ ਦੇ ਕਮਾਊ ਪੁੱਤ ਤੇ ਧੀਆਂ ਲਗਭਗ ਹਰੇਕ ਨਾਕੇ ਤੋਂ ਜੁਰਮਾਨੇ ਠੋਕ ਠੋਕ ਕੇ ਮਤਲਬ ਕਾਨੂੰਨਾਂ ਤੇ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਕੋਲੋਂ ਚਲਾਨਾਂ ਦੀ ਸ਼ਕਲ 'ਚ ਕਾਫੀ ਸਾਰੇ ਰੁਪਏ ਵਸੂਲ ਕੇ ਸਰਕਾਰੀ ਖਜ਼ਾਨੇ ਨੂੰ ਮਾਲਾਮਾਲ ਕਰਦੇ ਹਨ। ਸ਼ਾਮ ਤੱਕ ਕਈ ਪੁਲਸ ਨਾਕਿਆਂ 'ਤੇ ਚਲਾਨ-ਬੁੱਕਾਂ ਖਤਮ ਹੋ ਜਾਂਦੀਆਂ ਨੇ। ਪਹਿਲਾਂ ਟਰੈਫਿਕ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਧੜਾਧੜ ਚਲਾਨ ਕੱਟੇ ਜਾਂਦੇ ਸਨ। ਅੱਜਕੱਲ੍ਹ ਨੱਕ-ਮੂੰਹ ਨਾ ਢਕਣ ਵਾਲੇ-ਵਾਲੀਆਂ, ਸ਼ਰੇਆਮ 'ਥੂਹ' ਕਰ ਕੇ ਥੁੱਕਣ ਵਾਲੇ-ਵਾਲੀਆਂ ਦੇ ਚਲਾਨ ਕੱਟੇ ਜਾਂਦੇ ਹਨ। ਨੋਵਲ ਕੋਰੋਨਾ ਵਿਸ਼ਾਣੂ ਮਹਾਰਾਜ ਨੇ ਵੱਡੇ ਵੱਡੇ ਲਾਪਰਵਾਹ, ਵਿਗੜੇ-ਤਿਗੜੇ ਲੋਕਾਂ ਦੇ ਵੱਟ ਰੱਖ ਦਿੱਤੇ ਨੇ। ਸੰਜਮ, ਸਾਦਗੀ, ਬੱਚਤ, ਸਵੱਛਤਾ ਦਾ ਪਾਠ ਚੰਗੀ ਤਰ੍ਹਾਂ ਪੜ੍ਹਾ ਦਿੱਤਾ ਹੈ। ਮਾਸਕ ਪੀ ਪੀ ਈ ਕਿੱਟਾਂ, ਦਸਤਾਨੇ, ਵੈਂਟੀਲੇਟਰ, ਸਾਬਣ, ਸੋਡਾ, ਸੈਨੇਟਾਈਜ਼ਰ ਆਦਿ ਬਣਾਉਣ ਅਤੇ ਵੇਚਣ ਵਾਲਿਆਂ ਦੇ ਵਾਰੇ-ਨਿਆਰੇ ਕਰ ਦਿੱਤੇ ਹਨ। ਨੋਵਲ ਕੋਰੋਨਾ ਵਿਸ਼ਾਣੂ ਦੀ ਮਹਿਮਾ ਨਿਆਰੀ ਹੈ। ਕਈ ਲੋਕ ਪਹਿਲਾਂ ਹੀ ਕਿਸੇ ਨੂੰ ਬੁਲਾ ਕੇ ਜਾਂ ਕਿਸੇ ਵੱਲ ਮੁਸਕਰਾ ਕੇ ਵੇਖਣ ਨੂੰ ਰਾਜ਼ੀ ਨਹੀਂ ਹੁੰਦੇ ਸਨ ਅਤੇ ਕਿਸੇ ਦੇ ਘਰ ਵੀ ਨਹੀਂ ਸਨ ਜਾਂਦੇ। ਤੌਬਾ ਤੌਬਾ! ਅੱਜਕੱਲ੍ਹ ਗੁਲੇਲ ਤੋਂ ਡਰਦੇ ਕਾਂ ਵਾਂਗ ਬਹੁਤ ਸਾਰੇ ਲੋਕ ਡਰੇ-ਡਰੇ ਤੇ ਦੜੇ-ਦੜੇ ਰਹਿੰਦੇ ਨੇ। ਬਹੁਤ ਸਾਰੇ ਬਿਊਟੀ ਪਾਰਲਰ ਤੇ ਸੈਲੂਨ ਵੀ ਸੁੰਨੇ-ਸੁੰਨੇ ਰਹਿੰਦੇ ਨੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

SAMRAI SIKH SANGAT SOCIETY

ਸਮਰਾਏ ਸਿੱਖ ਸੰਗਤ ਸੁਸਾਇਟੀ


ਸਤਿਕਾਰ ਯੋਗ ਸਰਦਾਰ ਜੀ ਅਤੇ ਸਰਦਾਰਨੀ ਜੀ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਸਾਂਈ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਧਿਆਨ ਦਾਸ ਜੀ ਅਤੇ ਬਾਬਾ ਗੁਪਾਲ ਸਿੰਘ ਜੀ ਦੀ ਬਰਸੀ 13 ਸਤੰਬਰ ਦਿਨ ਐਤਵਾਰ ਨੂੰ ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਤਾਂ ਮਹਾਂ ਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪੇਣਗੇ। ਆਪ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ

Sikh Spiritual Centre Rexdale
Address: 9 Carrier Dr, Etobicoke, ON M9V 4B2 Phone: (416) 746-6666
Link to join: https://www.samraisangattorontocanada.com/live-stream/

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਰਜੀਤ ਸਿੰਘ ਸਮਰਾ 289-828-2117
ਮਹਿੰਦਰ ਸਿੰਘ ਸਮਰਾ 416-271-8477

# ਮੁੱਦਾ ਪ੍ਰਸ਼ਾਂਤ ਭੂਸ਼ਣ ਦੀ ਥਾਂ ਨਿਆਂ ਪਾਲਿਕਾ ਦੇ ਅਕਸ ਨੂੰ ਲੱਗਦੇ ਦਾਗ ਰੋਕਣ ਦਾ ਹੋਣਾ ਚਾਹੀਦੈ



ਜਤਿੰਦਰ ਪੰਨੂ

ਪ੍ਰਸ਼ਾਂਤ ਭੂਸ਼ਣ ਇਸ ਵਕਤ ਅਦਾਲਤ ਦੀ ਮਾਣ-ਹਾਨੀ ਦੇ ਕੇਸ ਵਿੱਚ ਫਸਿਆ ਪਿਆ ਹੈ। ਉਹ ਸੁਪਰੀਮ ਕੋਰਟ ਦੇ ਪ੍ਰਮੁੱਖ ਵਕੀਲਾਂ ਵਿੱਚੋਂ ਇੱਕ ਹੈ ਤੇ ਉਸ ਦਾ ਬਾਪ ਵੀ ਏਦਾਂ ਦੇ ਮਾਮਲਿਆਂ ਵਿੱਚ ਏਦਾਂ ਹੀ ਸਿਰੜ ਨਾਲ ਸਟੈਂਡ ਲੈਣ ਵਾਲਾ ਮੰਨਿਆ ਜਾਂਦਾ ਸੀ। ਇਸ ਵਕੀਲ ਦੇ ਵਿਰੁੱਧ ਮਾਣ-ਹਾਨੀ ਦੀ ਕਾਰਵਾਈ ਹੋਣੀ ਵੀ ਚਾਹੀਦੀ ਹੈ। ਇਸ ਕਰ ਕੇ ਨਹੀਂ ਹੋਣੀ ਚਾਹੀਦੀ ਕਿ ਉਸ ਦੇ ਟਵੀਟ ਨਾਲ ਅਦਾਲਤ ਦੀ ਮਾਣ-ਹਾਨੀ ਹੋਈ ਹੈ, ਸਗੋਂ ਇਸ ਲਈ ਹੋਣੀ ਚਾਹੀਦੀ ਹੈ ਕਿ ਜਦੋਂ ਖੁਦ ਮਾਣ ਵਾਲੇ ਲੋਕ ਹੀ ਮਾਣ ਦੀ ਪ੍ਰਵਾਹ ਨਹੀਂ ਕਰਦੇ ਤੇ ਅਦਾਲਤਾਂ ਦਾ ਅਕਸ ਖਰਾਬ ਹੋਈ ਜਾਂਦਾ ਹੈ ਤਾਂ ਇਸ ਵਿਅਕਤੀ ਨੇ ਇਹ ਬੋਲੋੜਾ ਦਖਲ ਦਿੱਤਾ ਹੈ। ਪ੍ਰਸ਼ਾਂਤ ਦੀ ਕਹਾਣੀ ਦੇ ਦੌਰਾਨ ਇਹ ਗੱਲ ਭੁਲਾਈ ਗਈ ਹੈ ਕਿ ਨਿਆਂ ਪਾਲਿਕਾ ਦੇ ਕਿਹੜੇ ਵੱਡੇ ਥੰਮ੍ਹਾਂ ਉੱਤੇ ਕਿੰਨੇ ਵੱਡੇ ਦੋਸ਼ ਕਦੋਂ ਲੱਗੇ ਤੇ ਕਦੋਂ ਉਨ੍ਹਾਂ ਦੀ ਗੂੰਜ ਪੈਣ ਪਿੱਛੋਂ ਉਨ੍ਹਾਂ ਨੂੰ ਇੱਕਦਮ ਵਿਸਾਰ ਦਿੱਤਾ ਗਿਆ ਸੀ ਅਤੇ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗਾ। ਕਦੀ-ਕਦੀ ਇਹ ਗਲਾਂ ਵੀ ਯਾਦ ਕਰ ਲੈਣੀਆਂ ਚਾਹੀਦੀਆਂ ਹਨ।

ਅਸੀਂ ਪ੍ਰਸ਼ਾਂਤ ਭੂਸ਼ਣ ਦਾ ਉਹ ਟਵੀਟ ਪੜ੍ਹਿਆ ਹੈ, ਅਤੇ ਓਦੋਂ ਪੜ੍ਹਿਆ ਹੈ, ਜਦੋਂ ਉਸ ਦੇ ਖਿਲਾਫ ਅਦਾਲਤ ਵਿੱਚ ਕੇਸ ਚੱਲ ਪਿਆ ਸੀ, ਪਹਿਲਾਂ ਸਾਨੂੰ ਉਸ ਦਾ ਪਤਾ ਨਹੀਂ ਸੀ। ਬਹੁਤ ਸਾਰੇ ਹੋਰਨਾਂ ਲੋਕਾਂ ਨੂੰ ਇਸ ਮਾਣ-ਹਾਨੀ ਕੇਸ ਬਾਰੇ ਕਾਰਵਾਈ ਚੱਲਣ ਤੋਂ ਪਹਿਲਾਂ ਪਤਾ ਨਹੀਂ ਲੱਗਾ ਹੋਣਾ। ਚੰਗਾ ਹੋਇਆ ਕਿ ਇਸ ਬਹਾਨੇ ਉਸ ਦਾ ਟਵੀਟ ਬਹੁਤ ਸਾਰੇ ਲੋਕਾਂ ਤੱਕ ਚਲਾ ਗਿਆ ਹੈ। ਦੇਸ਼ ਦਾ ਸੰਵਿਧਾਨ ਜਦੋਂ 'ਹਮ ਭਾਰਤ ਕੇ ਲੋਗ' ਦੇ ਸ਼ਬਦਾਂ ਨਾਲ ਆਰੰਭ ਹੁੰਦਾ ਹੈ ਤਾਂ ਲੋਕਾਂ ਨੂੰ ਇਸ ਦੇ ਅਕਸ ਬਾਰੇ, ਅਕਸ ਨੂੰ ਪ੍ਰਭਾਵਤ ਕਰਨ ਜਾਂ ਇਸ ਦੀ ਚਿੰਤਾ ਕਰਨ ਵਾਲੇ ਲੋਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਆਹ ਕੁਝ ਵੀ ਹੋਈ ਜਾਂਦਾ ਹੈ। ਅਦਾਲਤਾਂ ਤੇ ਫੌਜ ਦਾ ਅਕਸ ਅਜੇ ਤੱਕ ਆਮ ਲੋਕ ਚੰਗਾ ਸਮਝਦੇ ਸਨ। ਇਸ ਦਾ ਚੰਗਾਪਣ ਵੀ ਪਿਛਲੇ ਕੁਝ ਸਾਲਾਂ ਤੋਂ ਸਵਾਲਾਂ ਦੇ ਘੇਰੇ ਵਿੱਚ ਆਉਣ ਲੱਗ ਪਿਆ ਹੈ ਤੇ ਲੋਕਾਂ ਨੂੰ ਇਹ ਜਾਨਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨਾਂਅ ਉੱਤੇ ਚੱਲ ਰਹੇ ਲੋਕਤੰਤਰ ਵਿੱਚ ਆਹ ਸਵਾਲ ਵੀ ਉੱਠਦੇ ਹਨ। ਪ੍ਰਸ਼ਾਂਤ ਭੂਸ਼ਣ ਦੇ ਜਿਸ ਟਵੀਟ ਤੋਂ ਵਹਿਮੀਆਂ ਦੇ ਮੁਹੱਲੇ ਵਿੱਚ ਡਿੱਗੇ ਪਏ ਕਿਸੇ ਤਵੀਤ ਵਾਂਗ ਰੌਲਾ ਪੈ ਗਿਆ ਹੈ, ਉਸ ਵਿੱਚ ਇਹੋ ਜਿਹੀ ਮਾੜੀ ਗੱਲ ਕੋਈ ਨਹੀਂ ਲੱਭਦੀ, ਸਿਰਫ ਇੱਕ ਨਾਗਰਿਕ ਦੇ ਵਿਚਾਰਾਂ ਦਾ ਪ੍ਰਗਟਾਵਾ ਹੀ ਲੱਭਦਾ ਹੈ। ਓਦਾਂ ਜਿਹੜੀ ਗੱਲ ਬਹਿਸ ਦਾ ਮੁੱਦਾ ਬਣਨੀ ਚਾਹੀਦੀ ਹੈ, ਉਹ ਪ੍ਰਸ਼ਾਂਤ ਭੂਸ਼ਣ ਜਾਂ ਉਸ ਦੇ ਕੀਤੇ ਟਵੀਟ ਦੇ ਬਜਾਏ ਉਹ ਭ੍ਰਿਸ਼ਟਾਚਾਰ ਹੋਣਾ ਚਾਹੀਦਾ ਹੈ, ਜਿਸ ਦੀ ਚਰਚਾ ਕਈ ਵਾਰ ਚੱਲ ਚੁੱਕੀ ਹੈ ਤੇ ਅੱਗੋਂ ਵੀ ਚੱਲਦੀ ਰਹਿਣੀ ਹੈ। ਵੀਹ ਕੁ ਸਾਲ ਪਹਿਲਾਂ ਏ ਜੀ ਨੂਰਾਨੀ ਨੇ ਇਸ ਬਾਰੇ ਕਈ ਕੇਸਾਂ ਦੇ ਹਵਾਲੇ ਨਾਲ ਇੱਕ ਵੱਡਾ ਲੇਖ ਲਿਖਿਆ ਸੀ ਤਾਂ ਉਸ ਨਾਲ ਵੀ ਧਮੱਚੜ ਪਿਆ ਸੀ, ਪਰ ਜਿਸ ਪੱਧਰ ਦੀ ਗੱਲ ਇਸ ਵਾਰੀ ਚੱਲ ਪਈ ਹੈ, ਪਹਿਲਾਂ ਕਦੀ ਨਹੀਂ ਸੀ ਸੁਣੀ ਗਈ। ਉਂਜ ਕੇਸ ਇਸ ਸਮੇਂ ਵਿੱਚ ਬਹੁਤ ਹੋ ਚੁੱਕੇ ਹਨ।



ਸਾਨੂੰ ਯਾਦ ਹੈ ਕਿ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵਕਤ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਵਿਰੁੱਧ ਮਹਾਂਦੋਸ਼ ਦਾ ਮਤਾ ਲੋਕ ਸਭਾ ਤੱਕ ਗਿਆ ਸੀ ਤੇ ਫਿਰ ਜੋੜ-ਤੋੜ ਵਾਲੀ ਰਾਜਨੀਤੀ ਕਾਰਨ ਰੱਦ ਹੋ ਗਿਆ ਸੀ। ਇਸ ਨੂੰ ਪਾਸ ਕਰਨ ਲਈ ਇੱਕ ਸੌ ਛਿਆਨਵੇਂ ਮੈਂਬਰਾਂ ਨੇ ਵੋਟ ਪਾਈ ਸੀ, ਦੋ ਸੌ ਪੰਜ ਜਣਿਆਂ ਨੇ ਵੋਟ ਨਹੀਂ ਸੀ ਪਾਈ ਅਤੇ ਮਤਾ ਪਾਸ ਕਰਨ ਲਈ ਲੋੜੀਂਦੀ ਦੋ-ਤਿਹਾਈ ਬਹੁ-ਗਿਣਤੀ ਨਾ ਹੋਣ ਕਾਰਨ ਜਸਟਿਸ ਰਾਮਾਸਵਾਮੀ ਬਚ ਗਿਆ ਸੀ। ਜਿਹੜੇ ਦੋ ਸੌ ਪੰਜ ਮੈਂਬਰ ਉਸ ਦੇ ਵਿਰੁੱਧ ਨਹੀਂ ਸੀ ਭੁਗਤੇ, ਉਹ ਵੀ ਉਸ ਦੇ ਪੱਖ ਵਿੱਚ ਇਸ ਲਈ ਨਹੀਂ ਸੀ ਭੁਗਤੇ ਕਿ ਉਹ ਉਸ ਨੂੰ ਨਿਰਦੋਸ਼ ਨਹੀਂ ਸੀ ਮੰਨਦੇ। ਫਿਰ ਜਸਟਿਸ ਦਿਨਾਕਰਨ ਦਾ ਕੇਸ ਵੀ ਮਹਾਂਦੋਸ਼ ਲਈ ਪਾਰਲੀਮੈਂਟ ਤੱਕ ਪਹੁੰਚਿਆ ਸੀ ਤੇ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਪੈਨਲ ਨੇ ਵੀ ਉਸ ਨੂੰ ਸਾਫ ਨਹੀਂ ਸੀ ਕਿਹਾ, ਜਿਸ ਮਗਰੋਂ ਅਸਤੀਫਾ ਦੇਣ ਨਾਲ ਓਦੋਂ ਉਹ ਮਹਾਦੋਸ਼ ਤੋਂ ਬਚ ਗਿਆ ਸੀ। ਜਸਟਿਸ ਸੌਮਿਤਰਾ ਸੇਨ ਦਾ ਕੇਸ ਵੀ ਪਾਰਲੀਮੈਂਟ ਵਿੱਚ ਮਹਾਂਦੋਸ਼ ਤੱਕ ਗਿਆ ਤੇ ਫੰਡਾਂ ਦੀ ਗੜਬੜ ਬਦਲੇ ਉਸ ਦੇ ਖਿਲਾਫ ਮਹਾਦੋਸ਼ ਮਤਾ ਰਾਜ ਸਭਾ ਵਿੱਚ ਇੱਕ ਸੌ ਉਨਾਨਵੇਂ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਸੀ, ਸਿਰਫ ਸਤਾਰਾਂ ਵੋਟਾਂ ਉਸ ਦੇ ਪੱਖ ਵਿੱਚ ਪਈਆਂ ਸਨ। ਇਸ ਪਿੱਛੋਂ ਲੋਕ ਸਭਾ ਵਿੱਚ ਝਟਕਾ ਖਾਣ ਤੋਂ ਪਹਿਲਾਂ ਉਹ ਅਹੁਦਾ ਛੱਡਣ ਨੂੰ ਮਜਬੂਰ ਹੋ ਗਿਆ ਸੀ। ਇੱਕ ਵਾਰੀ ਇੱਕ ਜੱਜ ਨੂੰ ਇਸ ਲਈ ਅਸਤੀਫਾ ਦੇਣਾ ਪਿਆ ਸੀ ਕਿ ਕੇਸ ਦਾ ਫੈਸਲਾ ਲਿਖਣ ਲਈ ਜਿਹੜੀਆਂ ਫਾਈਲਾਂ ਉਸ ਨੇ ਆਪਣੇ ਘਰ ਮੰਗਵਾਈਆਂ ਸਨ, ਉਹ ਬਾਅਦ ਵਿੱਚ ਇੱਕ ਵਕੀਲ ਦੇ ਘਰ ਇੱਕ ਏਜੰਸੀ ਦੇ ਵੱਜੇ ਛਾਪੇ ਦੌਰਾਨ ਮਿਲੀਆਂ ਸਨ। ਉਹ ਵਕੀਲ ਉਸ ਮੁਕੱਦਮੇ ਦੀਆਂ ਦੋਵਾਂ ਧਿਰਾਂ ਵਿੱਚੋਂ ਇੱਕ ਵੱਲੋਂ ਅਦਾਲਤ ਵਿੱਚ ਪੇਸ਼ ਹੁੰਦਾ ਰਿਹਾ ਸੀ। ਇਸ ਨਾਲ ਵੀ ਬੜੀ ਚਰਚਾ ਹੁੰਦੀ ਰਹੀ ਸੀ।

ਸਾਡੇ ਪੰਜਾਬ ਵਿੱਚ ਇੱਕ ਵਾਰ ਇੱਕ ਜੱਜ ਸਾਹਿਬ ਦਾ ਨਾਂਅ ਹਾਈ ਕੋਰਟ ਲਈ ਭੇਜਿਆ ਜਾਣ ਵਾਲਾ ਸੀ ਤਾਂ ਇੱਕ ਚੀਫ ਜੁਡੀਸ਼ਲ ਮੈਜਿਸਟਰੇਟ ਦੇ ਫੜੇ ਜਾਣ ਨਾਲ ਉਸ ਦਾ ਨਾਂਅ ਵੀ ਚਰਚਾ ਵਿੱਚ ਆ ਗਿਆ ਸੀ। ਇਸ ਦੇ ਬਾਅਦ ਬਹੁਤ ਸਾਰੇ ਜ਼ਿਲਿਆਂ ਦੇ ਵਕੀਲਾਂ ਨੇ ਇਸ ਗੱਲ ਦੀ ਦੁਹਾਈ ਪਾਈ ਸੀ ਕਿ ਅਦਾਲਤਾਂ ਵਿੱਚ ਹੁੰਦੇ ਪੁੱਠੇ ਕੰਮ ਰੋਕਣ ਦੀ ਲੋੜ ਹੈ, ਕਿਉਂਕਿ ਇਸ ਨਾਲ ਸਾਰੀ ਨਿਆਂ ਪਾਲਿਕਾਂ ਦੀ ਬਦਨਾਮੀ ਹੋ ਰਹੀ ਹੈ। ਸਾਡੇ ਕੋਲ ਉਸ ਵੇਲੇ ਦੀਆਂ ਅਖਬਾਰਾਂ ਦੀਆਂ ਕਈ ਕਤਰਨਾਂ ਹਨ, ਜਿਨ੍ਹਾਂ ਵਿੱਚ ਇਸ ਗੱਲ ਦੀ ਚਰਚਾ ਹੁੰਦੀ ਰਹੀ ਸੀ ਕਿ ਅਦਾਲਤਾਂ ਵਿੱਚ ਭ੍ਰਿਸ਼ਟਾਚਾਰ ਲਈ ਕਿੱਦਾਂ ਦੇ ਢੰਗ ਵਰਤੇ ਜਾਂਦੇ ਹਨ, ਪਰ ਪਿੱਛੋਂ ਸਾਰੀ ਗੱਲ ਠੱਪੀ ਗਈ ਸੀ। ਇਸ ਚਰਚਾ ਦੇ ਜ਼ਿਮੇਵਾਰ ਉਹ ਜੱਜ ਸਾਹਿਬਾਨ ਹਨ, ਜਿਹੜੇ ਆਪਣੀ ਮਾਣਯੋਗ ਕੁਰਸੀ ਦੇ ਸਤਿਕਾਰ ਦਾ ਖਿਆਲ ਨਹੀਂ ਰੱਖਦੇ ਅਤੇ ਆਪਣੇ ਭਾਈਚਾਰੇ ਵਿਚਲੇ ਇਮਾਨਦਾਰ ਤੇ ਸੱਚੇ-ਸੁੱਚੇ ਜੱਜਾਂ ਲਈ ਵੀ ਨਮੋਸ਼ੀ ਦਾ ਕਾਰਨ ਬਣਦੇ ਹਨ। ਮੁੱਦਾ ਉੱਠਦਾ ਹੈ ਤਾਂ ਆਮ ਲੋਕ ਚਰਚਾ ਕਰਨਗੇ ਹੀ।

ਹੋਰ ਲਿਖਣਾ ਹੋਵੇ ਤਾਂ ਹਰਿਆਣਾ ਦੇ ਉਨ੍ਹਾਂ ਜੱਜਾਂ ਦਾ ਕਿੱਸਾ ਲਿਖ ਸਕਦੇ ਹਾਂ, ਜਿਨ੍ਹਾਂ ਨੇ ਮਜ਼ਦੂਰਾਂ ਦੇ ਪ੍ਰਾਵੀਡੈਂਟ ਫੰਡ ਵਾਲੇ ਪੈਸੇ ਆਪੋ ਵਿੱਚ ਵੰਡ ਲਏ ਸਨ ਤੇ ਫਿਰ ਉਨ੍ਹਾਂ ਵਿੱਚੋਂ ਕੁਝ ਹਾਈ ਕੋਰਟ ਤੱਕ ਪਹੁੰਚ ਗਏ ਸਨ, ਪਰ ਕੇਸ ਤੋਂ ਖਹਿੜਾ ਨਹੀਂ ਸੀ ਛੁੱਟਦਾ। ਚੰਡੀਗੜ੍ਹ ਵਿੱਚ ਇੱਕ ਜੱਜ ਬੀਬੀ ਦੇ ਘਰ ਦਿੱਲੀ ਦੇ ਇੱਕ ਦਲਾਲ ਵੱਲੋਂ ਪੰਦਰਾਂ ਲੱਖ ਰੁਪਏ ਦੀ ਪਹੁੰਚ ਦਾ ਕਿੱਸਾ ਦੱਸ ਸਕਦੇ ਹਾਂ, ਜਿਸ ਵਿੱਚ ਪੈਸੇ ਦੇਣ ਵਾਲਾ ਕਾਰਿੰਦਾ ਉਸ ਜੱਜ ਦੇ ਬਜਾਏ ਇੱਕ ਈਮਾਨਦਾਰ ਜੱਜ ਬੀਬੀ ਦੇ ਘਰ ਜਾ ਪਹੁੰਚਿਆ ਸੀ ਅਤੇ ਅੱਗੋਂ ਉਸ ਜੱਜ ਬੀਬੀ ਨੇ ਪੁਲਸ ਨੂੰ ਕੇਸ ਦੇ ਦਿੱਤਾ ਸੀ। ਅੰਮ੍ਰਿਤਸਰ ਦੇ ਇੱਕ ਜੱਜ ਦਾ ਕਿੱਸਾ ਵੀ ਸਾਨੂੰ ਯਾਦ ਹੈ, ਜਿਸ ਨੂੰ ਹਾਈ ਕੋਰਟ ਨੇ ਨੌਕਰੀ ਤੋਂ ਲਾਂਭੇ ਕੀਤਾ ਤਾਂ ਸੱਠ ਤੋਂ ਵੱਧ ਕੇਸਾਂ ਦੇ ਫੈਸਲੇ ਨਾਲ ਫਸ ਗਏ ਸਨ, ਕਿਉਂਕਿ ਉਸ ਜੱਜ ਨੇ ਅਦਾਲਤ ਵਿੱਚ ਫੈਸਲੇ ਸੁਣਾ ਦੇਣ ਮਗਰੋਂ ਵੀ ਉਨ੍ਹਾਂ ਫੈਸਲਿਆਂ ਦੀ ਫਾਈਲ ਉੱਤੇ ਅਜੇ ਕਿਸੇ ਝਾਕ ਵਿੱਚ ਦਸਖਤ ਨਹੀਂ ਸੀ ਕੀਤੇ ਤੇ ਹਾਈ ਕੋਰਟ ਦੇ ਹੁਕਮ ਪਿੱਛੋਂ ਦਸਖਤ ਕਰ ਨਹੀਂ ਸੀ ਸਕਦਾ। ਏਦਾਂ ਦੇ ਜੱਜਾਂ ਦੇ ਵਿਹਾਰ ਦੀ ਸਾਰੀ ਕਹਾਣੀ ਲਿਖਿਆਂ ਲਿਖਤ ਦਾ ਬੋਝ ਵਧ ਜਾਵੇਗਾ ਤੇ ਨਿਕਲੇਗਾ ਫਿਰ ਵੀ ਕੁਝ ਨਹੀਂ। ਕਰਨ ਵਾਲੀ ਗੱਲ ਤਾਂ ਇਹ ਹੈ ਕਿ ਪ੍ਰਸ਼ਾਂਤ ਭੂਸ਼ਣ ਵਰਗਿਆਂ ਪਿੱਛੇ ਡੰਡਾ ਚੁੱਕਣ ਦੀ ਬਜਾਏ ਦੇਸ਼ ਦੀ ਨਿਆਂ ਪਾਲਿਕਾ ਇਸ ਦੇਸ਼ ਦੇ ਨਾਗਿਰਕਾਂ ਨੂੰ ਮਿਲੇ ਹੋਏ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ ਦਾ ਸਤਿਕਾਰ ਕਰੇ ਅਤੇ ਆਪਣੇ ਅੰਦਰਲੀਆਂ ਕਾਲੀਆਂ ਭੇਡਾਂ ਨੂੰ ਕਟਹਿਰੇ ਵਿੱਚ ਖੜਨ ਦਾ ਯਤਨ ਕਰੇ, ਤਾਂ ਕਿ ਨਿਆਂ ਪਾਲਿਕਾ ਦਾ ਇਕਬਾਲ ਹੋਰ ਬੁਲੰਦ ਹੋ ਸਕੇ।

# ਅਯੁੱਧਿਆ ਜਾਂ ਸਾਕੇਤ : ਧਾਰਮਿਕ ਤੇ ਇਤਿਹਾਸਕ ਪਰਿਪੇਖ

-ਅਮਨਦੀਪ ਸਿੰਘ ਸੇਖੋਂ-

ਅਤੀਤ ਕਦੇ ਮਰਦਾ ਨਹੀਂ। ਭੂਤਕਾਲ ਦੇ ਭੂਤ ਵਾਰ-ਵਾਰ ਉਠ ਕੇ ਸਾਡੇ ਵਰਤਮਾਨ ਉੱਤੇ ਕਬਜ਼ਾ ਕਰਦੇ ਹਨ। 'ਜੋ ਬੀਤ ਗਿਆ, ਸੋ ਬੀਤ ਗਿਆ' ਆਖ ਕੇ ਜਦੋਂ ਅਸੀਂ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕੋਈ ਨਾ ਕੋਈ ਜਾਦੂਗਰ ਆਉਂਦਾ ਅਤੇ ਅਤੀਤ ਦੇ ਸੰਦੂਕ ਵਿੱਚੋਂ ਕੋਈ ਨਵਾਂ ਮੰਤਰ ਕੱਢ ਕੇ ਸਾਡੇ ਸਿਰਾਂ 'ਤੇ ਧੂੜ ਦਿੰਦਾ ਹੈ। ਇਨ੍ਹਾਂ ਮੰਤਰਾਂ ਨਾਲ ਕੀਲੀਆਂ ਹੋਈਆਂ ਕਠਪੁਤਲੀਆਂ ਜਦੋਂ ਤਾਂਡਵ ਨਾਚ ਕਰਦੀਆਂ ਹਨ ਤਾਂ ਹਰ ਉਹ ਜ਼ੁਬਾਨ ਡਰ ਕਾਰਨ ਠਾਕੀ ਜਾਂਦੀ ਹੈ, ਜਿਸ ਦੀ ਸਹਿਜ ਬੁੱਧੀ ਉੱਤੇ ਜਾਦੂਗਰ ਦੇ ਮੰਤਰ ਦਾ ਕਬਜ਼ਾ ਨਹੀਂ ਹੋਇਆ ਹੁੰਦਾ। ਰਾਮ ਮੰਦਰ ਵੀ ਅਜਿਹਾ ਹੀ ਮੰਤਰ ਹੈ, ਜਿਸ ਨੂੰ ਸਿਆਸਤ ਦੇ ਕਈ ਜਾਦੂਗਰਾਂ ਨੇ ਸਮੇਂ-ਸਮੇਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਾਮ ਕਥਾ ਭਾਰਤੀ ਉਪ ਮਹਾਂਦੀਪ ਤੇ ਇਸ ਦੇ ਆਸਪਾਸ ਦੇ ਕਈ ਦੇਸ਼ਾਂ ਦੀ ਲੋਕਾਈ ਨੂੰ ਟੁੰਬਦੀ ਰਹੀ ਹੈ। ਫਾਦਰ ਕੈਮੀਲ ਬਕਲੇ ਨੇ ਦੁਨੀਆ ਭਰ ਵਿੱਚ ਤਿੰਨ ਸੌ ਰਾਮ ਕਥਾਵਾਂ ਹੋਣ ਦਾ ਦਾਅਵਾ ਕੀਤਾ ਸੀ, ਜਿਸ ਦੇ ਆਧਾਰ ਉੱਤੇ ਏ ਕੇ ਰਾਮਾਨੁਜਨ ਨੇ ਇੱਕ ਲੇਖ 'ਥ੍ਰੀ ਹੰਡਰਡ ਰਾਮਾਇਨਾਜ਼' ਲਿਖਿਆ, ਜੋ ਕਈ ਸਾਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਪੜ੍ਹਾਇਆ ਜਾਂਦਾ ਰਿਹਾ। ਇਸ ਲੇਖ ਨੂੰ ਅੱਜਕੱਲ੍ਹ ਸਿਲੇਬਸ ਤੋਂ ਹਟਾ ਦਿੱਤਾ ਗਿਆ ਹੈ, ਕਿਉਂਕਿ ਇਹ ਰਾਮ ਕਥਾ ਦੇ ਕਈ ਨਿੱਖੜਵੇਂ ਪਾਠਾਂ ਦੀ ਗੱਲ ਕਰਦਾ ਹੈ, ਜਦ ਕਿ ਹਿੰਦੂਤੱਵੀ ਤਾਕਤਾਂ ਵਾਲਮੀਕੀ ਰਾਮਾਇਣ ਅਤੇ ਤੁਲਸੀਦਾਸ ਦੇ ਰਾਮ ਚਰਿਤਮਾਨਸ ਨੂੰ ਸਟੈਂਡਰਡ ਮੰਨਦੀਆਂ ਹਨ।

ਅਸੀਂ ਇਸ ਦਾ ਮਾਣ ਮਹਿਸੂਸ ਕਰਦੇ ਹਾਂ ਕਿ ਰਾਮ ਦਾ ਨਾਂਅ ਥਾਈਲੈਂਡ ਵਿੱਚ ਵੀ ਲਿਆ ਜਾਂਦਾ ਹੈ, ਪਰ ਸ਼ਾਇਦ ਸਾਨੂੰ ਇਹ ਤੱਥ ਗਵਾਰਾ ਨਾ ਹੋਵੇ ਕਿ ਥਾਈਲੈਂਡ ਦੇ ਇੱਕ ਪੁਰਾਤਨ ਸ਼ਹਿਰ ਦਾ ਨਾਂਅ ਵੀ ਅਯੁੱਥਿਆ ਹੈ, ਜੋ ਸੰਨ 1350 ਤੋਂ 1767 ਈਸਵੀ ਤੱਕ ਥਾਈਲੈਂਡ ਦੀ ਰਾਜਧਾਨੀ ਸੀ। ਅਸੀਂ ਇਸ 'ਤੇ ਤਸੱਲੀ ਕਰ ਸਕਦੇ ਹਾਂ ਕਿ ਭਾਰਤੀ ਅਯੁੱਧਿਆ ਦੀ ਖੋਜ ਥਾਈਲੈਂਡ ਦੀ ਅਯੁੱਥਿਆ ਤੋਂ ਪਹਿਲਾਂ ਹੋਈ ਸੀ। ਹਰ ਰਾਮ-ਕਥਾ ਵਿੱਚ ਰਾਮ ਦੀ ਰਾਜਧਾਨੀ ਦਾ ਨਾਂਅ ਅਯੁੱਧਿਆ ਹੁੰਦਾ ਸੀ, ਪਰ ਇਸ ਨਾਂਅ ਦਾ ਕੋਈ ਨਗਰ ਭਾਰਤ ਵਿੱਚ ਨਹੀਂ ਸੀ ਮਿਲਦਾ। ਗੁਪਤ ਵੰਸ਼ ਦੇ ਪ੍ਰਸਿੱਧ ਰਾਜੇ ਚੰਦਰਗੁਪਤ ਵਿਕਰਮਾਦਿੱਤਿਆ (ਰਾਜਕਾਲ 380 ਈਸਵੀ ਤੋਂ 415 ਈਸਵੀ ਤੱਕ) ਨੇ ਇਸ ਨਗਰ ਦੀ ਖੋਜ ਕੀਤੀ। ਇਹ ਖੋਜ ਕਿਵੇਂ ਹੋਈ, ਇਸ ਬਾਰੇ ਅਯੁੱਧਿਆ ਵਿੱਚ ਪ੍ਰਚਲਿਤ ਲੋਕ ਮਾਨਤਾਵਾਂ ਦੱਸਦੀਆਂ ਹਨ ਕਿ ਰਾਜਾ ਵਿਕਰਮਾਦਿੱਤਿਆ ਨੇ ਇੱਕ ਗਾਂ ਅਤੇ ਉਸ ਦੇ ਵੱਛੇ ਨੂੰ ਖੁੱਲ੍ਹਾ ਛੱਡ ਦਿੱਤਾ। ਜਿਸ ਥਾਂ ਗਾਂ ਦੇ ਥਣਾਂ ਵਿੱਚ ਆਪੇ ਦੁੱਧ ਵਗਣ ਲੱਗਾ, ਉਸ ਨੂੰ ਰਾਮ ਦਾ ਜਨਮ ਅਸਥਾਨ ਮੰਨਿਆ ਗਿਆ। ਇਸ ਖੋਜ ਤੋਂ ਪਹਿਲਾਂ ਵੀ ਇਹ ਥਾਂ ਬੇਆਬਾਦ ਨਹੀਂ ਸੀ। ਪਹਿਲਾਂ ਇਥੇ ਭਾਰਤ ਦੇ ਪ੍ਰਾਚੀਨ 16 ਮਹਾਂਜਨਪਦਾਂ ਵਿੱਚੋਂ ਇੱਕ ਕੌਸ਼ਲ ਰਾਜ ਦੀ ਰਾਜਧਾਨੀ ਸਾਕੇਤ ਹੁੰਦੀ ਸੀ ਅਤੇ ਉਸ ਦੌਰ ਦੇ ਕਈ ਬੋਧੀ ਅਤੇ ਜੈਨੀ ਖੰਡਰ ਵੀ ਇਥੋਂ ਮਿਲਦੇ ਰਹੇ ਹਨ। ਸਾਕੇਤ ਤੇ ਅਯੁੱਧਿਆ ਦੋਵੇਂ ਨਾਂਅ ਇਸ ਸ਼ਹਿਰ ਲਈ ਵਰਤੇ ਜਾਂਦੇ ਰਹੇ ਹਨ। ਬੋਧੀ ਯਾਤਰੀ ਫ਼ਾਹੀਯਾਨ ਨੇ ਇਸ ਸ਼ਹਿਰ ਨੂੰ ਸ਼ਾਂ ਚੇ ਲਿਖਿਆ ਹੈ, ਜੋ ਸਾਕੇਤ ਦਾ ਵਿਗੜਿਆ ਹੋਇਆ ਨਾਂਅ ਜਾਪਦਾ ਹੈ ਅਤੇ ਹੁਏਨਸਾਂਗ ਇਸ ਨੂੰ ਆ-ਯੂ-ਤੇ ਆਖਦਾ ਹੈ, ਜੋ ਅਯੁੱਧਿਆ ਦਾ ਚੀਨੀਕਰਨ ਲੱਗਦਾ ਹੈ। ਫ਼ਾਹੀਆਨ ਨੇ ਇਸ ਸ਼ਹਿਰ ਵਿੱਚ ਲਗਭਗ 100 ਬੋਧੀ ਮੱਠ ਦੇਖਣ ਦਾ ਦਾਅਵਾ ਕੀਤਾ ਤੇ ਹੁਏਨਸਾਂਗ ਨੇ 1000 ਤੋਂ ਵੱਧ। ਅਯੁੱਧਿਆ ਦੀ ਖੁਦਾਈ ਤੋਂ ਮਿਲੀ ਸਭ ਤੋਂ ਪੁਰਾਣੀ ਮੂਰਤੀ ਇੱਕ ਜੈਨ ਸਾਧੂ ਦੀ ਮੰਨੀ ਜਾਂਦੀ ਹੈ। ਜੈਨ ਧਰਮ ਦੇ 24 ਤੀਰਥੰਕਰਾਂ (ਗੁਰੂਆਂ) ਵਿੱਚੋਂ ਪਹਿਲੇ ਅਤੇ ਦੂਜੇ ਤੀਰਥੰਕਰ ਦਾ ਜਨਮ ਅਯੁੱਧਿਆ ਵਿੱਚ ਹੋਇਆ ਦੱਸਿਆ ਜਾਂਦਾ ਹੈ।

ਬਾਬਰ ਦੇ ਇੱਕ ਜਰਨੈਲ ਅਮੀਰ ਬਾਕੀ ਨੇ 1528 ਈਸਵੀ ਵਿੱਚ ਅਯੁੱਧਿਆ ਵਿੱਚ ਇੱਕ ਮਸਜਿਦ ਬਣਵਾਈ ਤੇ ਇਸ ਨੂੰ ਬਾਬਰੀ ਮਸਜਿਦ ਆਖਿਆ ਜਾਣ ਲੱਗਾ। ਇਹ ਮਸਜਿਦ ਜਿਸ ਉਚੇ ਟਿੱਲੇ 'ਤੇ ਸੀ, ਉਹ ਰਾਮ ਟਿੱਲਾ ਅਖਵਾਉਂਦਾ ਹੈ। ਅਯੁੱਧਿਆ ਵਿੱਚ ਹਿੰਦੂ ਮੁਸਲਿਮ ਦੰਗਿਆਂ ਦਾ ਪਹਿਲਾ ਇਤਿਹਾਸਕ ਵਰਣਨ 1855 ਵਿੱਚ ਹਨੂਮਾਨਗੜ੍ਹੀ ਲਈ ਹੋਏ ਦੰਗੇ ਵਜੋਂ ਮਿਲਦਾ ਹੈ। ਉਸ ਸਮੇਂ ਅਯੁੱਧਿਆ ਅਵਧ ਦੀ ਸ਼ੀਆ ਰਿਆਸਤ ਦੇ ਫੈਜ਼ਾਬਾਦ ਜ਼ਿਲੇ ਦਾ ਹਿੱਸਾ ਸੀ। 1856 ਵਿੱਚ ਅਵਧ ਉਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਤੇ 1857 ਵਿੱਚ ਬੇਗਮ ਹਜ਼ਰਤ ਮਹਿਲ ਨੇ ਗਦਰ ਦਾ ਝੰਡਾ ਚੁੱਕਿਆ। ਇਸ ਬਗਾਵਤ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਸਿੱਖ ਸੈਨਿਕਾਂ ਨੂੰ ਵਰਤਿਆ। ਸੰਨ 1858 ਵਿੱਚ ਫੈਜ਼ਾਬਾਦ ਦੇ ਕੋਤਵਾਲ ਨੇ ਬਾਬਰੀ ਮਸਜਿਦ ਉੱਤੇ ਮਹੰਤਾਂ ਦੇ ਕਬਜ਼ੇ ਦੀ ਰਿਪੋਰਟ ਦਰਜ ਕੀਤੀ ਤੇ ਇਹ ਵੀ ਲਿਖਿਆ ਕਿ ਉਨ੍ਹਾਂ ਮਸਜਿਦ ਦੀਆਂ ਕੰਧਾਂ ਉੱਤੇ ਕੋਲੇ ਨਾਲ ਰਾਮ-ਰਾਮ ਲਿਖ ਦਿੱਤਾ ਸੀ। ਖੈਰ, ਮਸਜਿਦ ਤੋਂ ਇਹ ਕਬਜ਼ਾ ਹਟਾ ਦਿੱਤਾ ਗਿਆ, ਪਰ ਮਸਜਿਦ ਦੇ ਬਾਹਰ ਚਬੂਤਰੇ ਉੱਤੇ ਮਹੰਤਾਂ ਨੇ ਆਪਣਾ ਕਬਜ਼ਾ ਜਮਾ ਲਿਆ। ਇਸ ਨੂੰ ਰਾਮ ਚਬੂਤਰਾ ਕਿਹਾ ਜਾਣ ਲੱਗਾ। ਇਸ ਤੋਂ ਇਲਾਵਾ ਮਸਜਿਦ ਦੇ ਵਿਹੜੇ ਵਿੱਚ ਸੀਤਾ ਰਸੋਈ ਨਾਂਅ ਦੀ ਇੱਕ ਹੋਰ ਥਾਂ ਸੀ ਜਿਸ ਦੀ ਪੂਜਾ ਲਈ ਸ਼ਰਧਾਲੂ ਆਉਂਦੇ ਸਨ। ਅੰਗਰੇਜ਼ ਰਾਜ ਦੀਆਂ ਅਦਾਲਤਾਂ ਨੇ ਇਨ੍ਹਾਂ ਥਾਵਾਂ ਉੱਤੇ ਕੋਈ ਇਮਾਰਤ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ, ਪਰ ਮਸਜਿਦ ਦਾ ਉਹ ਇਲਾਕਾ, ਜਿੱਥੇ ਹਿੰਦੂ ਪੂਜਾ ਕਰਦੇ ਸਨ, ਕੰਧ ਕੱਢ ਕੇ ਮਸੀਤ ਤੋਂ ਵੱਖ ਕਰ ਦਿੱਤਾ।

ਇਹ ਸਥਿਤੀ 1949 ਈਸਵੀ ਤੱਕ ਬਣੀ ਰਹੀ। ਨਵੰਬਰ 1949 ਵਿੱਚ ਹਿੰਦੂ ਮਹਾਂਸਭਾ ਨੇ ਰਾਮ ਚਬੂਤਰੇ ਉੱਤੇ ਯੱਗ ਸ਼ੁਰੂ ਕੀਤਾ ਅਤੇ ਦਾਅਵਾ ਕੀਤਾ ਕਿ ਰਾਮ ਲੱਲਾ ਦੀ ਮੂਰਤੀ ਆਪਣੇ ਆਪ ਆਪ ਜਨਮ ਸਥਾਨ ਉੱਤੇ ਪ੍ਰਗਟ ਹੋਵੇਗੀ। 23 ਦਸੰਬਰ 1949 ਦੀ ਸਵੇਰ ਰਾਮ ਲੱਲਾ ਦੀ ਮੂਰਤੀ ਮਸਜਿਦ ਦੇ ਮੁੱਖ ਗੁੰਬਦ ਹੇਠ ਪ੍ਰਗਟ ਹੋਣ ਦਾ ਐਲਾਨ ਕੀਤਾ ਗਿਆ ਤੇ ਸ਼ਰਧਾਲੂਆਂ ਦੀਆਂ ਭੀੜਾਂ ਰਾਮ ਲੱਲਾ ਦੇ ਦਰਸ਼ਨ ਕਰਨ ਲਈ ਉਮੜ ਪਈਆਂ। ਮੌਕੇ ਦੇ ਜ਼ਿਲਾ ਮੈਜਿਸਟਰੇਟ ਕੇ ਕੇ ਨਈਅਰ ਨੇ ਲੋਕਾਂ ਦੀਆਂ ਭਾਵਨਾਵਾਂ ਦੇ ਹਵਾਲੇ ਨਾਲ ਇਹ ਮੂਰਤੀਆਂ ਉਥੋਂ ਹਟਾਉਣ ਤੋਂ ਅਸਮਰੱਥਾ ਜ਼ਾਹਰ ਕੀਤੀ। ਫੈਜ਼ਾਬਾਦ ਦੀ ਅਦਾਲਤ ਨੇ ਮਸਜਿਦ ਨੂੰ ਝਗੜੇ ਵਾਲੀ ਥਾਂ ਐਲਾਨ ਕੇ ਆਮ ਜਨਤਾ ਲਈ ਇਸ ਨੂੰ ਬੰਦ ਕਰ ਦਿੱਤਾ ਅਤੇ ਰਾਮ ਲੱਲਾ ਦੀ ਪੂਜਾ ਲਈ ਸਿਰਫ ਪੁਜਾਰੀਆਂ ਨੂੰ ਅੰਦਰ ਜਾਣ ਦੀ ਇਜਾਜ਼ਤ ਦਿੱਤੀ। ਇਸ ਤਰ੍ਹਾਂ ਮਸਜਿਦ ਵਿੱਚ ਨਮਾਜ਼ ਬੰਦ ਹੋ ਗਈ।


ਇਸ ਮਸਜਿਦ ਨੂੰ 1949 ਤੋਂ ਲੱਗੇ ਜਿੰਦਰੇ 1986 ਵਿੱਚ ਰਾਜੀਵ ਗਾਂਧੀ ਨੇ ਖੁੱਲ੍ਹਵਾਏ ਤੇ ਮੰਦਰ ਦਾ ਨੀਂਹ ਪੱਥਰ ਰੱਖ ਕੇ ਹਿੰਦੂ ਭਾਵਨਾਵਾਂ ਨੂੰ ਵੱਸ ਵਿੱਚ ਕਰਨ ਦੀ ਕੋਸ਼ਿਸ਼ ਕੀਤੀ। ਮੁਸਲਮਾਨ ਨਾਰਾਜ਼ ਨਾ ਹੋਣ, ਇਸ ਲਈ ਪਾਰਲੀਮੈਂਟ ਤੋਂ ਮਤਾ ਪਾਸ ਕਰਵਾ ਕੇ ਉਸ ਨੇ ਸ਼ਾਹ ਬਾਨੋ ਕੇਸ ਵਿੱਚ ਸੁਪਰੀਮ ਕੋਰਟ ਦਾ ਫੈਸਲਾ ਉਲਟਾ ਦਿੱਤਾ, ਪਰ ਰਾਜੀਵ ਗਾਂਧੀ ਰਾਜਨੀਤੀ ਦਾ ਕੱਚਾ ਖਿਡਾਰੀ ਸੀ ਅਤੇ ਜਿਸ ਜਿੰਨ ਨੂੰ ਉਸ ਨੇ ਜਗਾਇਆ ਸੀ, ਉਸ ਨੂੰ ਕਾਬੂ ਕਰਨ ਦਾ ਮੰਤਰ ਉਹ ਨਹੀਂ ਸੀ ਜਾਣਦਾ। ਉਸ ਦੇ ਦੋਵੇਂ ਫੈਸਲੇ ਭਾਰਤੀ ਜਨਤਾ ਪਾਰਟੀ ਲਈ ਸੰਜੀਵਨੀ ਬੂਟੀ ਸਾਬਤ ਹੋਏ। ਅਦਾਲਤੀ ਪ੍ਰਕਿਰਿਆ ਵਿੱਚ ਫਸਿਆ ਰਾਮ ਜਨਮ ਭੂਮੀ ਦਾ ਮੁੱਦਾ ਮੁੜ ਜਿੰਦਾ ਹੋ ਗਿਆ ਤੇ ਧਰਮਨਿਰਪੱਖਤਾ ਦੇ ਬਹਾਨੇ ਮੁਸਲਿਮ ਤੁਸ਼ਟੀਕਰਨ ਦੇ ਦੋਸ਼ ਵਜੋਂ ਕਾਂਗਰਸ ਤੋਂ ਲੈ ਕੇ ਖੱਬੇ ਪੱਖੀ ਧਿਰਾਂ ਨੂੰ ਅੱਜ ਤੱਕ ਝੰਬਦੀ ਆ ਰਹੀ ਹੈ। ਅੱਜ ਬਾਬਰੀ ਮਸਜਿਦ ਟੁੱਟ ਚੁੱਕੀ ਹੈ। ਰਾਮ-ਰੱਥ ਉੱਤੇ ਸਵਾਰ ਹੋ ਕੇ ਸੱਤਾ ਦੀ ਪੌੜੀ ਚੜ੍ਹੀ ਭਾਜਪਾ ਦੀ ਕੇਂਦਰ ਵਿੱਚ ਸਰਕਾਰ ਹੈ। ਫਿਰ ਇਹੋ ਜਿਹੀ ਕੀ ਕਾਹਲੀ ਸੀ ਕਿ ਬਿਨਾਂ ਨਕਸ਼ਾ ਪਾਸ ਕਰਵਾਏ, ਕੋਰੋਨਾ ਸੰਕਟ ਦੌਰਾਨ ਰਾਮ ਮੰਦਰ ਦੀ ਨੀਂਹ ਰੱਖ ਦਿੱਤੀ ਗਈ।

ਪੁਰਾਤੱਤਵ ਵਿਗਿਆਨੀਆਂ ਨੇ ਜਦੋਂ ਕੋਈ ਖੋਜ ਕਰਨੀ ਹੁੰਦੀ ਹੈ ਤਾਂ ਉਹ ਕਿਸੇ ਉੱਚੇ ਥੇਹ ਦੀ ਖੁਦਾਈ ਨੂੰ ਪਹਿਲ ਦਿੰਦੇ ਹਨ, ਕਿਉਂਕਿ ਅਜਿਹੇ ਥੇਹਾਂ ਹੇਠਾਂ ਸਭਿਅਤਾਵਾਂ ਦੀਆਂ ਕਈ ਪਰਤਾਂ ਮਿਲਣ ਦੀ ਆਸ ਹੁੰਦੀ ਹੈ। ਬਾਬਰੀ ਮਸਜਿਦ ਦੇ ਟੁੱਟਣ ਤੋਂ ਪਿੱਛੋਂ ਰਾਮ ਟਿੱਲੇ ਦੀ ਉੱਤਲੀ ਪਰਤ ਦੀ ਖੁਦਾਈ ਕਰਵਾਈ ਗਈ ਤਾਂ ਇਹ ਸਾਬਤ ਹੋ ਗਿਆ ਇਸ ਥਾਂ 'ਤੇ ਪਹਿਲਾਂ ਇੱਕ ਮੰਦਰ ਸੀ, ਜਿਸ ਦੀਆਂ ਨੀਂਹਾਂ 'ਤੇ ਮਸਜਿਦ ਦਾ ਢਾਂਚਾ ਖੜ੍ਹਾ ਕੀਤਾ ਗਿਆ ਸੀ ਅਤੇ ਮਸਜਿਦ ਲਈ ਵਰਤੇ ਗਏ ਕਈ ਥਮ੍ਹਲੇ ਕਿਸੇ ਪੁਰਾਣੇ ਮੰਦਰ ਦੇ ਸਨ, ਪਰ ਪਤਾ ਨਹੀਂ ਕਿਉਂ ਇਸ ਤੋਂ ਹੇਠਾਂ ਦੀਆਂ ਪਰਤਾਂ ਦੀ ਖੁਦਾਈ ਨਹੀਂ ਕੀਤੀ ਗਈ। ਅੱਜ ਜਦੋਂ ਮੰਦਰ ਬਣਾਉਣ ਲਈ ਜ਼ਮੀਨ ਨੂੰ ਪੱਧਰਾ ਕਰਨ ਦਾ ਕੰਮ ਚੱਲ ਰਿਹਾ ਹੈ ਤਾਂ ਕਈ ਹੋਰ ਥਮ੍ਹਲੇ ਤੇ ਮੂਰਤੀਆਂ ਮਿਲ ਰਹੀਆਂ ਹਨ, ਜਿਨ੍ਹਾਂ ਬਾਰੇ ਬੁੱਧ ਅਤੇ ਜੈਨ ਧਰਮ ਦੇ ਸੰਗਠਨਾਂ ਨੇ ਇਹ ਦਾਅਵਾ ਕੀਤਾ ਹੈ ਕਿ ਉਹ ਇਨ੍ਹਾਂ ਧਰਮਾਂ ਨਾਲ ਸੰਬੰਧਤ ਇਮਾਰਤਾਂ ਦੇ ਖੰਡਰ ਹਨ। ਜੇ ਭਾਰਤ ਦੀ ਬਹੁਗਿਣਤੀ ਬੋਧੀ ਹੁੰਦੀ (ਜਿਵੇਂ ਭਾਰਤ ਦੇ ਕਈ ਗੁਆਂਢੀ ਮੁਲਕਾਂ ਵਿੱਚ ਹੈ) ਤਾਂ ਕੀ ਇਹ ਸੰਭਵ ਸੀ ਕਿ ਬੋਧੀ ਜਨਤਾ ਦੀਆਂ ਵੋਟਾਂ ਲਈ ਕਿਸੇ ਪਾਰਟੀ ਨੇ ਬਾਬਰੀ ਮਸਜਿਦ 'ਤੇ ਆਪਣਾ ਦਾਅਵਾ ਪੇਸ਼ ਕੀਤਾ ਹੁੰਦਾ। ਇਸ ਸਥਿਤੀ ਵਿੱਚ ਬਾਬਰੀ ਮਸਜਿਦ ਦੇ ਹੇਠਾਂ ਮਿਲੇ ਮੰਦਰ ਦੇ ਖੰਡਰਾਂ ਨੂੰ ਅਸੀਂ ਰਾਮ ਮੰਦਰ ਮੰਨਦੇ ਜਾਂ ਕੋਈ ਬੁੱਧ ਵਿਹਾਰ, ਇਹ ਇੱਕ ਵੱਡਾ ਸਵਾਲ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਮੈਨੂੰ ਲਿਫਾਫਿਆਂ ਵਿੱਚੋਂ ਨਿਕਲੇ ਜਥੇਦਾਰਾਂ ’ਤੇ ਇਤਬਾਰ ਹੀ ਨਹੀਂ: ਢੱਡਰੀਆਂ ਵਾਲਾ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਪ੍ਰੋਗਰਾਮ ਕਰਨ ’ਤੇ ਪੰਜ ਸਿੰਘ ਸਾਹਿਬਾਨ ਵੱਲੋਂ ਲਾਈ ਰੋਕ ਅਤੇ ਸਿੱਖ ਸੰਗਤ ਨੂੰ ਉਨ੍ਹਾਂ ਦਾ ਬਾਈਕਾਟ ਕਰਨ ਹੁਕਮ ’ਤੇ ਢੱਡਰੀਆਂ ਵਾਲਿਆਂ ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਉਨ੍ਹਾ ਨੇ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦਾ ਵਿਰੋਧ ਸ੍ਰੀ ਅਕਾਲ ਤਖ਼ਤ ਨਾਲ ਨਹੀਂ, ਜਥੇਦਾਰਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਸਾਰੀ ਸਿੱਖ ਕੌਮ ਜਾਣਦੀ ਹੈ ਕਿ ਜਥੇਦਾਰਾਂ ਦੀ ਚੋਣ ਕਿੱਦਾਂ ਹੁੰਦੀ ਹੈ।



ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਉਹ ਇਨ੍ਹਾਂ ਭ੍ਰਿਸ਼ਟ ਜਥੇਦਾਰਾਂ ਦਾ ਹੁਕਮ ਨਹੀਂ ਮੰਨਣਗੇ। ਉਨ੍ਹਾਂ ਕਿਹਾ ਕਿ ਜਦੋਂ ਜਥੇਦਾਰਾਂ ਨੇ ਸਿਰਸਾ ਵਾਲੇ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੀ ਸੀ, ਓਦੋਂ ਸਾਰੀ ਸਿੱਖ ਕੌਮ ਨੇ ਜਥੇਦਾਰਾਂ ਦੇ ਹੁਕਮ ਨੂੰ ਗ਼ਲਤ ਦੱਸ ਕੇ ਇਸ ਦਾ ਵਿਰੋਧ ਕੀਤਾ ਸੀ, ਜੇ ਮੇਰੇ ਵੱਲੋਂ ਜਥੇਦਾਰਾਂ ਦਾ ਵਿਰੋਧ ਅਕਾਲ ਤਖ਼ਤ ਦਾ ਵਿਰੋਧ ਆਖਿਆ ਜਾ ਰਿਹਾ ਹੈ ਤਾਂ ਸਾਰੀ ਸਿੱਖ ਕੌਮ ਨੇ ਵੀ ਓਦੋਂ ਅਕਾਲ ਤਖ਼ਤ ਦਾ ਵਿਰੋਧ ਕੀਤਾ ਸੀ।

ਇਸ ਮੌਕੇ ਇੱਕ ਸਵਾਲ ਦੇ ਜਵਾਬ ਵਿਚ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜਥੇਦਾਰਾਂ ਵੱਲੋਂ ਮੇਰੇ ਦੀਵਾਨਾਂ ਅਤੇ ਪ੍ਰੋਗਰਾਮਾਂ ’ਤੇ ਰੋਕ ਖੁੱਲ੍ਹੇ ਤੌਰ ’ਤੇ ਬਿਆਨ ਜਾਰੀ ਕਰਕੇ ਲਾਈ ਗਈ ਹੈ, ਮੇਰੇ ਖ਼ਿਲਾਫ਼ ਅਖ਼ਬਾਰਾਂ ਅਤੇ ਨਿਊਜ਼ ਚੈਨਲਾਂ ਵਿੱਚ ਬਿਆਨ ਦਿੱਤੇ ਗਏ। ਮੈਂ ਜਥੇਦਾਰਾਂ ਅਤੇ ਹੋਰ ਸਿੱਖ ਆਗੂਆਂ ਨੂੰ ਚੈਨਲ ’ਤੇ ਆ ਕੇ ਡਿਬੇਟ ਕਰਨ ਦਾ ਚੈਲਿੰਜ ਕੀਤਾ ਸੀ। ਉਨ੍ਹਾਂ ਕਿਹਾ ਕਿ ਅੱਜ ਵੀ ਮੇਰੇ ਚੈਲਿੰਜ ਦਾ ਵਿਰੋਧ ਕੀਤਾ ਜਾ ਰਿਹਾ ਹੈ ਪਰ ਜੇ ਅਖ਼ਬਾਰਾਂ ਅਤੇ ਚੈਨਲਾਂ ਵਿੱਚ ਬਿਆਨ ਨਾ ਦੇ ਕੇ ਸਗੋਂ ਮੇਰੇ ਕੋਲ ਆ ਕੇ ਨਿੱਜੀ ਤੌਰ ’ਤੇ ਸਪੱਸ਼ਟੀਕਰਨ ਮੰਗਿਆ ਜਾਂਦਾ ਤਾਂ ਮੈਂ ਨਿਊਜ਼ ਚੈਨਲ ’ਤੇ ਆ ਕੇ ਡਿਬੇਟ ਕਰਨ ਦੀ ਗੱਲ ਨਾ ਕਹਿੰਦਾ। ਜਥੇਦਾਰ ਦੇ ਐਕਸ਼ਨ ਤੋਂ ਬਾਅਦ ਮੇਰਾ ਰੀਐਕਸ਼ਨ ਹੋਇਆ ਹੈ। ਉਨ੍ਹਾਂ ਕਿਹਾ ਕਿ ਮੈਂ ਸਿਰਫ ਇਹ ਕਹਿੰਦਾ ਹਾਂ ਕਿ ਜਥੇਦਾਰ ਮੇਰੀ ਉਹ ਵੀਡੀਓ ਵਿਖਾਉਣ, ਜਿਸ ਵਿੱਚ ਮੈਂ ਸਿੱਖ ਧਰਮ ਜਾਂ ਸ੍ਰੀ ਦਰਬਾਰ ਸਾਹਿਬ ਬਾਰੇ ਗ਼ਲਤ ਸ਼ਬਦਾਵਲੀ ਵਰਤੀ ਹੋਵੇ। ਭਾਈ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਚਾਰ ਸਾਲ ਤੱਕ ਬਦਨਾਮ ਕੀਤਾ ਗਿਆ, ਫਿਰ ਮੇਰੇ ਖ਼ਿਲਾਫ਼ ਗੁਰਬਾਣੀ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਗ਼ਲਤ ਪ੍ਰਚਾਰ ਕੀਤਾ ਗਿਆ, ਛਬੀਲ ਲਾ ਕੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਜੇ ਮੈਂ ਗ਼ਲਤ ਹੁੰਦਾ ਤਾਂ ਮੈਨੂੰ ਕਦੋਂ ਦਾ ਪੰਥ ’ਚੋਂ ਛੇਕ ਦਿੱਤਾ ਜਾਣਾ ਸੀ। ਮੇਰੇ ਦੀਵਾਨ ਬੰਦ ਕਰਵਾਏ ਗਏ, ਮੇਰੇ ਪ੍ਰੋਗਰਾਮਾਂ ਦਾ ਵਿਰੋਧ ਹੋਇਆ, ਮੇਰੇ ’ਤੇ ਹਮਲਾ ਕਰਾਇਆ ਗਿਆ ਤੇ ਹੁਣ ਮੈਨੂੰ ਸੁਣਨ ’ਤੇ ਪਾਬੰਦੀ ਲਾਈ ਗਈ ਹੈ।

ਭੇਦ ਖੋਲ੍ਹਦੀ ਨਵੀਂ ਕਿਤਾਬ :

# ਐਸ ਵਾਈ ਐਲ ਬਣਾਉਣ ਵਿੱਚ ਅਕਾਲੀ ਦਲ ਦੀ ਭੂਮਿਕਾ ਦਰੁੱਸਤ ਨਹੀਂ ਸੀ: ਤ੍ਰਿਪਤ ਬਾਜਵਾ

ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕੱਲ੍ਹ ਇਥੇ ਕਿਹਾ ਕਿ ਸਤਲੁਜ-ਯਮਨਾ ਲਿੰਕ ਨਹਿਰ ਬਣਾਉਣ ਬਾਰੇ ਸਾਹ-ਮਣੇ ਆਏ ਨਵੇਂ ਦਸਤਾਵੇਜ਼ੀ ਸਬੂਤਾਂ ਨੇ ਅਕਾਲੀ ਦਲ, ਖਾਸ ਕਰਕੇ ਪ੍ਰਕਾਸ ਸਿੰਘ ਬਾਦਲ ਦੀ ਭੂਮਿਕਾ ਨੰਗੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਸਤਾਵੇਜਾਂ ਨੇ ਸਪੱਸ਼ਟ ਕਰ ਦਿੱਤਾ ਹੈ ਇਹ ਵਿਵਾਦ ਗ੍ਰਸਤ ਨਹਿਰ ਅਕਾਲੀ ਸਰਕਾਰਾਂ ਸਮੇਂ ਹੀ ਬਣਦੀ ਰਹੀ ਹੈ।



ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਹ ਟਿੱਪਣੀ ਕੱਲ੍ਹ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਦੀ ਨਵੀਂ ਛਪੀ ਕਿਤਾਬ ‘ਰਿਵਰ ਵਾਟਰਜ਼ ਆਨ ਫਾਇਰ-ਖਾਲਿਸਤਾਨ ਸਟਰਗਲ’ ਰਿਲੀਜ਼ ਕਰਨ ਸਮੇਂ ਕੀਤੀ ਸੀ। ਪੰਚਾਇਤ ਮੰਤਰੀ ਨੇ ਕਿਹਾ ਕਿ ਸਾਹਮਣੇ ਆਏ ਨਵੇਂ ਦਸਤਾਵੇਜ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਦੇ ਨਾਲ ਹਰਿਆਣਾ ਵਿਧਾਨ ਸਭਾ ਦੇ ਰਿਕ-ਾਰਡ ’ਤੇ ਆਧਾਰਤ ਹਨ। ਉਨ੍ਹਾਂ ਕਿਹਾ ਕਿ ਰਿਕਾਰਡ ਅਨੁਸਾਰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਹਰਿਆਣਾ ਵਿਧਾਨ ਸਭਾ ਵਿੱਚ ਇਹ ਗੱਲ ਦੱਸੀ ਸੀ ਕਿ ਇਸ ਨਹਿਰ ਲਈ ਜ਼ਮੀਨ ਐਕਵਾਇਰ ਕਰਨ ਲਈ ਨੋਟੀਫੀਕੇਸ਼ਨ 1978 ਵਿੱਚ ਬਾਦਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਹ ਨੋਟੀਫਿਕੇਸ਼ਨ ਜਾਰੀ ਕਰਨ ਵੇਲੇ ਅਕਾਲੀ ਸਰਕਾਰ ਨੇ ਸਬੰਧਤ ਕਾਨੂੰਨ ਵਿੱਚ ਐਮਰਜੈਂਸੀ ਮੱਦ ਵੀ ਜੋੜ ਦਿੱਤੀ ਸੀ, ਜਿਸ ਵਿੱਚ ਦਰਜ ਹੈ, ‘ਇਸ ਕਾਨੂੰਨ ਹੇਠ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੰਜਾਬ ਦੇ ਗਵਰਨਰ ਇਹ ਨਿਰਦੇਸ਼ ਦੇਣ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਹਨ ਕਿ ਇਸ ਕੇਸ ਵਿੱਚ ਉਪਰੋਕਤ ਕਾਨੂੰਨ ਦੀ ਧਾਰਾ 17 ਤਹਿਤ ਕਾਰਵਾਈ ਕੀਤੀ ਜਾਵੇਗੀ ਅਤੇ ਬਹੁਤ ਜ਼ਰੂਰੀ ਹੋਣ ਅਤੇ ਧਾਰਾ 5 (ਏ) ਦੀਆਂ ਵਿਵਸਥਾਵਾਂ ਇਹ ਜ਼ਮੀਨ ਐਕਵਾਇਰ ਕਰਨ ਦੇ ਲਈ ਲਾਗੂ ਨਹੀਂ ਹੋਣਗੀਆਂ।’ ਬਾਦਲ ਸਰਕਾਰ ਵੱਲੋਂ ਇਹ ਦੋ ਨੋਟੀਫੀਕੇਸ਼ਨ 20 ਫਰਵਰੀ 1978 ਨੂੰ ਜਾਰੀ ਕੀਤੇ ਗਏ ਸਨ। ਕਾਂਗਰਸ ਦਾ ਨਹੀਂ ਸਗੋਂ ਸ਼੍ਰੋਮਣੀ ਅਕਾਲੀ ਦਲ ਦਾ ਵੱਡਾ ਰੋਲ ਸੀ।

# ਕੋਰੋਨਾ ਟੈਸਟ ਕਰਨ ਗਈ ਟੀਮ ਨੂੰ ਪਿੰਡ ਵਾਲਿਆਂ ਨੇ ਇੱਟਾਂ-ਰੋੜੇ ਮਾਰੇ

ਦਿੜ੍ਹਬਾ ਮੰਡੀ, 27 ਅਗਸਤ (ਪੋਸਟ ਬਿਊਰੋ)- ਜ਼ਿਲਾ ਮਾਨਸਾ ਦੇ ਕਸਬਾ ਦਿੜ੍ਹਬਾ ਦੀ ਇੱਕ ਬਸਤੀ ਵਿੱਚ ਕੱਲ੍ਹ ਕੋਰੋਨਾ ਦੇ ਟੈਸਟ ਕਰਨ ਗਈ ਸਿਹਤ ਵਿਭਾਗ, ਪ੍ਰਸ਼ਾਸਨ ਅਤੇ ਪੁਲਸ ਦੀ ਟੀਮ ਉਤੇ ਲੋਕਾਂ ਨੇ ਇੱਟਾਂ ਰੋੜਿਆਂ ਨਾਲ ਹਮਲਾ ਕਰ ਦਿੱਤਾ, ਜਿਸ ਕਰ ਕੇ ਸਿਹਤ ਵਿਭਾਗ ਦੀ ਟੀਮ ਨੂੰ ਆਪਣੀ ਜਾਨ ਬਚਾ ਕੇ ਖਾਲੀ ਹੱਥ ਮੁੜਨਾ ਪਿਆ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਜਦੋਂ ਸਿਹਤ ਵਿਭਾਗ ਦੀ ਟੀਮ ਡਾ. ਦੀਪਤੀ ਗਰਗ ਦੀ ਅਗਵਾਈ ਹੇਠ ਦਿੜ੍ਹਬਾ ਦੀ ਇੱਕ ਬਸਤੀ ਵਿਚ ਕੋਰੋਨਾ ਦੀ ਸੈਂਪਲਿੰਗ ਕਰਨ ਗਈ ਤਾਂ ਅੱਗੋਂ ਕੁਝ ਨੌਜਵਾਨਾਂ ਨੇ ਪੁਲਸ ’ਤੇ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ, ਪਰ ਪੁਲਸ ਟੀਮ ਵਾਲੇ ਸੱਟ ਤੋਂ ਬਚ ਗਏ। ਘਟਨਾ ਸਥਾਨ ’ਤੇ ਪੁੱਜੇ ਦਿੜ੍ਹਬਾ ਦੇ ਨਾਇਬ ਤਹਿਸੀਲਦਾਰ ਗੁਰਬੰਸ ਸਿੰਘ ਨੇ ਦੱਸਿਆ ਕਿ ਉਹ ਰੋਜ਼ ਇਨ੍ਹਾਂ ਲੋਕਾਂ ਨੂੰ ਸਮਝਾ ਕੇ ਕੋਰੋਨਾ ਟੈਸਟ ਕਰਨ ਲਈ ਸੈਂਪਲ ਲੈਣ ਦੀ ਕੋਸ਼ਿਸ਼ ਕਰਦੇ ਹਨ, ਪਰ ਵਾਰ-ਵਾਰ ਸਮਝਾਉਣ ’ਤੇ ਵੀ ਬਸਤੀ ਦੇ ਲੋਕ ਟੈਸਟ ਕਰਾਉਣ ਤੋਂ ਮਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬਸਤੀ ’ਚ ਕੋਈ ਕੋਰੋਨਾ ਪੀੜਤ ਪਾਇਆ ਗਿਆ ਤਾਂ ਉਸ ਨੂੰ ਇਥੇ ਹੀ ਕੁਆਰੰਟਾਈਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਰੋੜੇ ਮਾਰਨ ਵਾਲੇ ਲੋਕਾਂ ਦੀ ਪੜਤਾਲ ਕਰ ਕੇ ਕਾਰਵਾਈ ਕਰਨਗੇ। ਇਸ ਦੌਰਾਨ ਇੱਕ ਪੁਲਸ ਵਾਲੇ ਨੇ ਦੱਸਿਆ ਕਿ ਇੱਕ ਵਿਅਕਤੀ ਉਨ੍ਹਾਂ ਵੱਲ ਰੋੜੇ ਸੁੱਟ ਰਿਹਾ ਸੀ, ਪਰ ਉਹ ਵਾਲ-ਵਾਲ ਬਚ ਗਏ।

ਮਾਮਲਾ ਨਾਜਾਇਜ਼ ਮਾਈਨਿੰਗ ਦਾ

# ਬਲਾਚੌਰ ਦਾ ਵਿਧਾਇਕ ਮੰਗੂਪੁਰ, ਡੀ ਸੀ ਅਤੇ ਹੋਰਨਾਂ ਨੂੰ ਹਾਈ ਕੋਰਟ ਨੇ ਤਲਬ ਕੀਤਾ

ਬਲਾਚੌਰ, 27 ਅਗਸਤ (ਪੋਸਟ ਬਿਊਰੋ)- ਹਲਕਾ ਬਲਾਚੌਰ ਅੰਦਰ ਕੰਢੀ ਸੰਘਰਸ਼ ਕਮੇਟੀ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੋੜੀ ਤੇ ਉਨ੍ਹਾਂ ਦੇ ਸਪੁੱਤਰ ਪਰਮਜੀਤ ਸਿੰਘ ਰੋੜੀ ਲੰਬੇ ਸਮੇਂ ਤੋਂ ਨਾਜਾਇਜ਼ ਮਾਈਨਿੰਗ ਦੇ ਖ਼ਿਲਾਫ਼ ਸਾਥੀਆਂ ਸਮੇਤ ਸੰਘਰਸ਼ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਉਤੇ ਮਾਈਨਿੰਗ ਮਾਫ਼ੀਆ ਨੇ ਕਈ ਵਾਰ ਹਮਲਾ ਵੀ ਕੀਤਾ। ਇਸ ਖਿੱਚੋਤਾਣ ਵਿੱਚ ਕਾਮਰੇਡ ਮਹਾਂ ਸਿੰਘ ਰੋੜੀ ਨੂੰ ਮਾਈਨਿੰਗ ਮਾਫ਼ੀਆ ਨੇ ਜੇਲ੍ਹ ਵੀ ਭੇਜਿਆ, ਪਰ ਉਹ ਲਗਾਤਾਰ ਮਾਈਨਿੰਗ ਦੇ ਖ਼ਿਲਾਫ਼ ਸੰਘਰਸ਼ ਕਰ ਰਹੇ ਸਨ।




ਕੱਲ੍ਹ ਇਸ ਮਾਮਲੇ ਨੇ ਨਵਾਂ ਮੋੜ ਲੈ ਲਿਆ ਜਦੋਂ ਕਾਮਰੇਡ ਪਰਮਜੀਤ ਰੌੜੀ ਵੱਲੋਂ ਹਾਈ ਕੋਰਟ ਵਿੱਚ ਐਕਵੋਕੇਟ ਆਰ ਐਸ ਬੈਂਸ ਰਾਹੀਂ ਪਾਈ ਸਿਵਲ ਰਿੱਟ ਪਟੀਸ਼ਨ ਉੱਤੇ ਹਾਈ ਕੋਰਟ ਨੇ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਡਿਪਟੀ ਕਮਿਸ਼ਨਰ ਨਵਾਂਸ਼ਹਿਰ, ਐਸ ਐਸ ਪੀ ਨਵਾਂਸ਼ਹਿਰ, ਸਿੱਧੀ ਵਿਨਾਇਕ ਸਟੋਨ ਕਰੈਸ਼ਰ ਐਂਡ ਸਕਰੀਨਿੰਗ ਅਤੇ ਉਨ੍ਹਾਂ ਦੇ ਪਾਰਟਨਰ ਸੌਰਵ ਬੱਸੀ ਚਾਂਦਪੁਰ ਰੁੜਕੀ, ਗੁਰੂ ਤੇਗ ਬਹਾਦੁਰ ਖ਼ਾਲਸਾ ਕਰੈਸ਼ਰ ਦੇ ਮਾਲਕ ਨੂੰ ਧਿਰ ਬਣਾ ਕੇ ਦੋ ਸਤੰਬਰ ਤੱਕ ਆਪਣਾ ਪੱਖ ਰੱਖਣ ਲਈ ਨੋਟਿਸ ਜਾਰੀ ਕਰ ਦਿੱਤਾ ਹੈ।

# ਭਾਰਤੀ ਰੇਲਵੇ ਨੇ ਡਾਕਟਰਾਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਵੀ ਪਾਲਣਾ ਨਹੀਂ ਕੀਤੀ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਆਯੂਸ਼ ਮੰਤਰਾਲਾ ਬਣਾ ਕੇ ਬਥੇਰੀ ਵਾਹ-ਵਾਹ ਖੱਟੀ ਸੀ, ਪਰ ਆਯੂਸ਼ ਡਾਕਟਰਾਂ ਦਾ ਮੰਨਣਾ ਹੈ ਕਿ ਸਰਕਾਰ ਦੇ ਇੱਕ ਅੰਗ ਭਾਰਤੀ ਰੇਲਵੇ ਨੇ ਆਪਣੇ ਡਾਇਰੈਕਟੋਰੇਟ ਹੇਠ ਭਲਾਈ ਫੰਡ ਤੋਂ ਲੱਗਭਗ 30 ਸਾਲਾਂ ਤੋਂ ਰੇਲਵੇ ਹਸਪਤਾਲਾਂ ’ਚ ਆਯੂਰਵੈਦਿਕ ਅਤੇ ਹੋਮੀਓਪੈਥਿਕ ਡਿਸਪੈਂਸਰੀਆਂ ਨੂੰ ਸ਼ੁਰੂ ਕੀਤਾ ਹੋਇਆ ਹੈ, ਜਿਨ੍ਹਾਂ ਵਿੱਚ ਕੰਮ ਕਰਦੇ ਡਾਕਟਰਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਇਨ੍ਹਾਂ ਡਾਕਟਰਾਂ ਨੂੰ ਮਾਮੂਲੀ ਮਾਣਭੱਤੇ ’ਤੇ ਹੀ ਰੱਖਿਆ ਜਾ ਰਿਹਾ ਹੈ, ਨੂੰ ਨਾ ਸੇਵਾ ਸੁਰੱਖਿਆ ਅਤੇ ਨਾ ਰੇਲਵੇ ਦੀ ਕੋਈ ਹੋਰ ਸਹੂਲਤ ਮਿਲਦੀ ਹੈ।

ਵਰਨਣ ਯੋਗ ਹੈ ਕਿ ਇਨ੍ਹਾਂ ਡਾਕਟਰਾਂ ਨੇ ਕਾਨੂੰਨੀ ਲੜਾਈ ਸ਼ੁਰੂ ਕੀਤੀ ਤਾਂ 31 ਜੁਲਾਈ 2017 ਨੂੰ ਸੁਪਰੀਮ ਕੋਰਟ ਦਾ ਹੁਕਮ ਹੋਇਆ, ਜਿਸ ਵਿੱਚ ਆਯੂਸ਼ ਡਾਕਟਰਾਂ ਨੂੰ ਰੇਲਵੇ ਬੋਰਡ ’ਚ ਅਰਜ਼ੀ ਦੇਣ ਨੂੰ ਕਿਹਾ ਗਿਆ ਅਤੇ ਰੇਲਵੇ ਬੋਰਡ ਨੂੰ ਉਸ ’ਤੇ ਛੇ ਮਹੀਨਿਆਂ ਦੇ ਅੰਦਰ ਹਮਦਰਦੀ ਨਾਲ ਗੌਰ ਕਰਨ ਲਈ ਕਿਹਾ। ਆਯੂਸ਼ ਡਾਕਟਰਾਂ ਨੇ ਸੁਪਰੀਮ ਕੋਰਟ ਦਾ ਹੁਕਮ ਮੰਨਿਆ, ਪਰ ਰੇਲਵੇ ਨੇ ਕੋਈ ਧਿਆਨ ਹੀ ਨਹੀਂ ਦਿੱਤਾ। ਛੇ ਮਹੀਨਿਆਂ ਬਾਅਦ ਰੇਲਵੇ ਬੋਰਡ ’ਤੇ ਅਦਾਲਤ ਦੀ ਮਾਣ-ਹਾਨੀ ਦਾ ਕੇਸ ਕੀਤਾ ਗਿਆ ਤਾਂ ਬੋਰਡ ਨੇ ਕਿਹਾ ਕਿ ਉਸ ਨੇ ਇੱਕ ਕਮੇਟੀ ਬਣਾਈ ਹੈ ਅਤੇ ਉਸ ਦੀ ਰਿਪੋਰਟ ਆਉਣ ਤੋਂ ਬਾਅਦ ਆਯੂਸ਼ ਡਾਕਟਰਾਂ ਦੀ ਅਰਜ਼ੀ ’ਤੇ ਵਿਚਾਰ ਕੀਤਾ ਜਾਵੇਗਾ। ਇਸ ਤਰ੍ਹਾਂ ਰੇਲਵੇ ਬੋਰਡ ਨੇ ਖੁਦ ਨੂੰ ਅਦਾਲਤ ਦੀ ਮਾਣ-ਹਾਨੀ ਤੋਂ ਬਚਾ ਲਿਆ, ਪਰ ਸਵਾ ਦੋ ਸਾਲ ਬੀਤਣ ਤੋਂ ਬਾਅਦ ਵੀ ਰੇਲਵੇ ਨੇ ਆਪਣਾ ਵਾਅਦਾ ਨਹੀਂ ਨਿਭਾਇਆ। ਬਾਅਦ ’ਚ ਇਹ ਕਮੇਟੀ ਰਿਪੋਰਟ ਦੇ ਬਿਨਾਂ ਖ਼ਤਮ ਕਰ ਦਿੱਤੀ ਹੈ। ਇਸ ਤਰ੍ਹਾਂ ਆਯੂਸ਼ ਡਾਕਟਰਾਂ ਦਾ ਭਵਿੱਖ ਵਿਚਾਲੇ ਲਟਕ ਗਿਆ। ਰੇਲਵੇ ਬੋਰਡ ਦੇ ਅਧਿਕਾਰੀ ਜਿੱਥੇ ਆਯੂਸ਼ ਡਾਕਟਰਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ, ਉਥੇ ਹੀ ਉਨ੍ਹਾਂ ’ਤੇ ਐਲੋਪੈਥੀ ਲਾਬੀ ਦਾ ਵੀ ਦਬਾਅ ਬਣਿਆ ਹੋਇਆ ਹੈ। ਰੇਲਵੇ ਬੋਰਡ ਨੇ ਇਸ ਤਰ੍ਹਾਂ ਸੁਪਰੀਮ ਕੋਰਟ ਦੇ ਹੁਕਮ ਦੀਆਂ ਖੁੱਲ੍ਹ ਕੇ ਧੱਜੀਆਂ ਤਾਂ ਉਡਾਈਆਂ ਹੀ, ਆਯੂਸ਼ ਡਾਕਟਰਾਂ ਨਾਲ ਕੀਤੇ ਵਾਅਦੇ ਨੂੰ ਵੀ ਪੂਰਾ ਨਹੀਂ ਕੀਤਾ।





**ਕੇਂਦਰੀ ਏਜੰਸੀ ਤੇ ਸਟੇਟ ਸਿੱਧੇ ਹੋਏ :**

# ਮਿਜ਼ੋਰਮ ਸਰਕਾਰ ਵੱਲੋਂ ਕੇਂਦਰ ਨੂੰ ਆਸਾਮ ਰਾਈਫਲਜ਼ ਦੇ ਖਿਲਾਫ ਸ਼ਿਕਾਇਤ



ਆਈਜ਼ੋਲ, 27 ਅਗਸਤ (ਪੋਸਟ ਬਿਊਰੋ)- ਭਾਰਤ ਦੇ ਉੱਤਰ ਪੂਰਬੀ ਰਾਜ ਮਿਜ਼ੋਰਮ ਦੀ ਸਰਕਾਰ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਆਸਾਮ ਰਾਈਫਲਜ਼ ਏਥੇ ਸਿਵਲ ਪ੍ਰਸ਼ਾਸਨ ਦੀ ਬੇਇੱਜ਼ਤੀ ਕਰ ਰਹੀ ਹੈ ਤੇ ਇਹ ਭੁੱਲ ਗਈ ਹੈ ਕਿ ਉਤਰ-ਪੂਰਬੀ ਸੂਬੇ ਵਿੱਚ ਅੱਜਕੱਲ੍ਹ 'ਅਫਸਪਾ' ਕਾਨੂੰਨ ਲਾਗੂ ਨਹੀਂ ਹੈ।

ਮਿਜ਼ੋਰਮ ਦੇ ਚੀਫ ਸੈਕਟਰੀ ਨੇ ਕੇਂਦਰ ਦੇ ਹੋਮ ਸੈਕਟਰੀ ਅਜੈ ਭੱਲਾ ਨੂੰ ਆਜ਼ਾਦੀ ਦਿਵਸ ਸਮਾਗਮਾਂ ਦੇ ਬਾਈਕਾਟ ਨਾਲ ਜੁੜੇ ਦੋ ਪੱਤਰ ਲਿਖੇ ਅਤੇ ਦੋਸ਼ ਲਾਇਆ ਹੈ ਕਿ ਆਸਾਮ ਰਾਈਫਲਜ਼ (ਇੱਕ ਪੈਰਾ ਮਿਲਟਰੀ ਫੋਰਸ) ਨੇ ਸੁਰੱਖਿਆ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਆਸਾਮ ਰਾਈਫਲਜ਼ ਦੇ ਸੀਨੀਅਰ ਅਫਸਰ ਏਥੇ ਸੂਬਾ ਪੱਧਰ ਦੇ ਆਜ਼ਾਦੀ ਦਿਵਸ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ।

ਵਰਨਣ ਯੋਗ ਹੈ ਕਿ ਬੀਤੀ 11 ਅਗਸਤ ਨੂੰ ਪ੍ਰਸ਼ਾਸਨ ਨੇ 'ਵਾਰੰਟ ਆਫ ਪ੍ਰੋਸੀਜ਼ਰ' ਜਾਰੀ ਕਰ ਕੇ ਰਾਈਫਲਜ਼ ਦੇ ਬ੍ਰਿਗੇਡੀਅਰ ਨੂੰ ਸੂਬਾ ਪੱਧਰ ਦੇ ਸੈਕਟਰੀ, ਸੈਸ਼ਨ ਜੱਜ ਅਤੇ ਡਿਪਟੀ ਕਮਿਸ਼ਨਰ ਦੇ ਅਹੁਦੇ ਦੇ ਬਰਾਬਰ ਕਰ ਦਿੱਤਾ ਸੀ। ਇਸ ਅਰਧ ਫੌਜੀ ਫੋਰਸ ਨੇ ਅੱਗੋਂ ਕਿਹਾ ਸੀ ਕਿ ਹੁਕਮ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਪੁੱਛਿਆ ਨਹੀਂ ਗਿਆ। ਰਾਜ ਸਰਕਾਰ ਨੇ ਕਿਹਾ ਕਿ ਆਸਾਮ ਰਾਈਫਲਜ਼ ਅਤੇ ਪ੍ਰਸ਼ਾਸਨ ਵਿਚਾਲੇ ਕੋਈ ਵੀ ਮੁੱਦਾ ਐਨਾ ਗੰਭੀਰ ਨਹੀਂ ਕਿ ਉਸ ਨੂੰ ਖੁੱਲ੍ਹੇ ਮਨ ਨਾਲ ਨਾ ਵਿਚਾਰਿਆ ਜਾ ਸਕੇ। ਪੱਤਰ ਵਿੱਚ ਲਿਖਿਆ ਹੈ ਕਿ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ, 1958 (ਅਫਸਪਾ) ਇਸ ਵਕਤ ਇਸ ਰਾਜ ਵਿੱਚ ਲਾਗੂ ਨਹੀਂ ਹੈ ਅਤੇ ਸ਼ਾਂਤੀ ਹੈ, ਪਰ ਰਾਈਫਲਜ਼ ਜਿਸ ਤਰ੍ਹਾਂ ਸਿਵਲ ਪ੍ਰਸ਼ਾਸਨ ਨਾਲ ਪੇਸ਼ ਆ ਰਹੀ ਹੈ, ਉਹ ਚੰਗੇ ਰਿਸ਼ਤਿਆਂ ਦੇ ਰਾਹ ਵਿੱਚ ਅੜਿੱਕਾ ਬਣਦੀ ਹੈ। ਪੱਤਰ ਵਿੱਚ ਸ਼ਿਕਾਇਤ ਕੀਤੀ ਗਈ ਹੈ ਕਿ ਇਸ ਫੋਰਸ ਨੇ ਸੂਬਾ ਪੱਧਰੀ ਸਮਾਗਮ ਦੀ ਤਿਆਰੀ ਵਿੱਚ ਅੜਿੱਕਾ ਪਾਉਣ ਲਈ ਆਪਣੇ ਭਾਰੇ ਵਾਹਨ ਵੀ ਆਈ ਪੀ ਪਾਰਕਿੰਗ ਵਿੱਚ ਖੜੇ ਕਰ ਦਿੱਤੇ ਸਨ। ਰਾਈਫਲਜ਼ 'ਤੇ ਕੋਵਿਡ ਦੇ ਨੇਮਾਂ ਦੀ ਉਲੰਘਣਾ ਦਾ ਦੋਸ਼ ਵੀ ਲਾਇਆ ਗਿਆ ਹੈ।


# ਭਾਰਤ ਦੀ ਬ੍ਰਹਿਮੋਸ ਮਿਜ਼ਾਈਲ ਖਰੀਦਣਾ ਚਾਹੁੰਦੈ ਵੀਅਤਨਾਮ

*** ਰੂਸ ਨੇ ਵੀ ਸੌਦੇ ਲਈ ਪ੍ਰਵਾਨਗੀ ਦਿਤੀ**

**ਚੀਨ ਵਿਰੁੱਧ ਰੂਸ-ਭਾਰਤ ਸਾਂਝਾ ਕਦਮ**

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਭਾਰਤ ਨਾਲ ਰੱਖਿਆ ਸਹਿਯੋਗ ਵਿੱਚ ਰੂਸ ਸਰਕਾਰ ਨੇ ਦੋ ਵੱਡੀਆਂ ਪਹਿਲ ਕੀਤੀਆਂ ਹਨ। ਉਸ ਨੇ ਭਾਰਤ ਨਾਲ ਸਾਂਝੇ ਅਦਾਰੇ ਵਿੱਚ ਬਣੀ ਸੁਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਿਮੋਸ ਨੂੰ ਕਿਸੇ ਤੀਸਰੇ ਦੇਸ਼ ਨੂੰ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਹੈ ਤੇ ਨਾਲ 100 ਰੂਸੀ ਰੱਖਿਆ ਕੰਪਨੀਆਂ ਦੀ ਸੂਚੀ ਜਾਰੀ ਕੀਤੀ ਹੈ, ਜੋ ਭਾਰਤ ਨਾਲ ਬ੍ਰਹਿਮੋਸ ਵਰਗਾ ਸਾਂਝਾ ਅਦਾਰਾ ਲਾ ਸਕਣਗੀਆਂ।

ਵਰਨਣ ਯੋਗ ਹੈ ਕਿ ਬ੍ਰਹਿਮੋਸ ਦੀ ਐਕਸਪੋਰਟ ਕਰਨ ਦੀ ਮਨਜ਼ੂਰੀ ਓਦੋਂ ਮਿਲੀ ਹੈ, ਜਦ ਚੀਨ ਦੇ ਗੁਆਂਢੀ ਦੇਸ਼ ਵੀਅਤਨਾਮ ਨੇ ਇੱਛਾ ਪ੍ਰਗਟਾਈ ਹੈ। ਰੂਸ ਦੀ ਪੰਜਾਹ ਫੀਸਦੀ ਹਿੱਸੇਦਾਰੀ ਕਾਰਨ ਐਕਸਪੋਰਟ ਲਈ ਉਸ ਦੀ ਸਹਿਮਤੀ ਦੀ ਲੋੜ ਸੀ। ਵੀਅਤਨਾਮ ਭਾਰਤ ਤੋਂ ਬ੍ਰਹਿਮੋਸ ਅਤੇ ਆਕਾਸ਼ ਏਅਰ ਡਿਫੈਂਸ ਮਿਜ਼ਾਈਲਾਂ ਲੈਣਾ ਚਾਹੁੰਦਾ ਹੈ। ਸੌਦਾ ਸਿਰੇ ਚੜ੍ਹ ਗਿਆ ਤਾਂ ਬ੍ਰਹਿਮੋਸ ਮਿਜ਼ਾਈਲ ਚੀਨ ਦੇ ਗੁਆਂਢ ਵਿੱਚ ਤੈਨਾਤ ਕਰ ਦਿੱਤੀ ਜਾਏਗੀ। ਭਾਰਤ ਨੂੰ ਇਸ ਨੂੰ ਅਗਲੇ ਪੰਜ ਸਾਲ ਵਿੱਚ ਪੰਜ ਅਰਬ ਡਾਲਰ ਦਾ ਐਕਸਪੋਰਟ ਦਾ ਟੀਚਾ ਹਾਸਲ ਕਰਨ ਵਿੱਚ ਵੀ ਮਦਦ ਮਿਲੇਗੀ।



ਬ੍ਰਹਿਮੋਸ ਨਾਲ ਸੰਬੰਧਤ ਇੱਕ ਅਧਿਕਾਰੀ ਨੇ ਮਾਸਕੋ ਤੋਂ ਦੱਸਿਆ ਹੈ ਕਿ ਸਾਂਝੇ ਅਦਾਰੇ ਦੇ ਉਤਪਾਦ ਐਕਸਪੋਰਟ ਕਰਨ ਦੀ ਮਨਜ਼ੂਰੀ ਕਦਮ ਭਾਰਤ-ਰੂਸ ਦੇ ਰਣਨੀਤਕ ਰਿਸ਼ਤਿਆਂ ਅਤੇ ਰੱਖਿਆ ਸਹਿਯੋਗ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਏਗੀ। ਭਾਰਤ ਦੇ ਰੱਖਿਆ ਮੰਤਰਾਲੇ ਨੇ ਅਜਿਹੇ ਮਿਲਟਰੀ ਪਲੇਟਫਾਰਮ ਤੇ ਹਥਿਆਰਾਂ ਦੀ ਦੂਸਰੀ ਸੂਚੀ ਬਣਾਉਣੀ ਤਿਆਰ ਕਰ ਦਿੱਤੀ ਹੈ, ਜਿਨਾਂ ਦੀ ਇੰਪੋਰਟ 'ਤੇ ਪਾਬੰਦੀ ਲਾਈ ਜਾਏਗੀ ਅਤੇ ਘਰੇਲੂ ਪੱਧਰ 'ਤੇ ਉਤਪਾਦਨ ਕੀਤੇ ਜਾਣ ਵਾਲੇ ਇਸ ਸਾਮਾਨ ਦੀ ਸੂਚੀ ਦਸੰਬਰ ਤੱਕ ਸਾਹਮਣੇ ਸਕਦੀ ਹੈ।

# ਨਾਬਾਲਗ ਵਿਦਿਆਰਥਣ ਦੀ ਗਲਾ ਵੱਢ ਕੇ ਹੱਤਿਆ

*** ਲਖੀਮਪੁਰ ਖੀਰੀ ਵਿੱਚ 9 ਦਿਨਾਂ ਵਿਚ ਦੂਸਰੀ ਵਾਰਦਾਤ**

ਲਖੀਮਪੁਰ ਖੀਰੀ, 27 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲੇ ਵਿੱਚ ਇੱਕ ਨਾਬਾਲਗ ਵਿਦਿਆਰਥਣ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ। ਵਿਦਿਆਰਥਣ ਦੀ ਲਾਸ਼ ਕੱਲ੍ਹ ਸਵੇਰੇ ਉਸ ਦੇ ਪਿੰਡ ਦੇ ਨੇੜੇ ਸੁੱਕੇ ਤਾਲਾਬ ਵਿੱਚੋਂ ਮਿਲੀ। ਘਟਨਾ ਨੀਮਗਾਂਵ ਥਾਣਾ ਖੇਤਰ ਦੀ ਹੈ। ਹੱਤਿਆ ਗਲਾ ਵੱਢ ਕੇ ਕੀਤੀ ਗਈ ਹੈ।

ਪੀੜਤ ਪਰਿਵਾਰ ਦੇ ਅਨੁਸਾਰ ਇੰਟਰਮੀਡੀਏਟ ਵਿੱਚ ਪੜ੍ਹਦੀ ਲੜਕੀ ਵਜ਼ੀਫੇ ਦਾ ਆਨਲਾਈਨ ਫਾਰਮ ਭਰਨ ਦੇ ਲਈ ਸੋਮਵਾਰ ਨੇੜਲੇ ਕਸਬੇ ਵਿੱਚ ਸਾਈਬਰ ਕੈਫੇ ਵਿੱਚ ਗਈ ਸੀ, ਪਰ ਵਾਪਸ ਨਹੀਂ ਆਈ। ਲਖੀਮਪੁਰ ਖੀਰੀ ਜ਼ਿਲੇ ਵਿੱਚ ਹੀ 16 ਅਗਸਤ ਨੂੰ 13 ਸਾਲ ਦੀ ਲੜਕੀ ਦੀ ਬਲਾਤਕਾਰ ਦੇ ਬਾਅਦ ਹੱਤਿਆ ਕਰ ਦਿੱਤੀ ਗਈ ਸੀ। ਉਥੇ ਹਾਪੁੜ ਵਿੱਚ ਛੇ ਸਾਲ ਦੀ ਇੱਕ ਬੱਚੀ ਦੇ ਨਾਲ ਬਲਾਤਕਾਰ ਕੀਤਾ ਗਿਆ ਸੀ। ਬੇਹੋਸ਼ ਮਿਲੀ ਬੱਚੀ ਦਾ ਫਿਲਹਾਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨੇ ਕੱਲ੍ਹ ਟਵਿੱਟਰ ਉਤੇ ਯੂ ਪੀ ਵਿੱਚ ਅਪਰਾਧ ਮੀਟਰ ਦਾ ਇੱਕ ਬੈਨਰ ਪੋਸਟ ਕੀਤਾ ਹੈ। ਇਸ ਵਿੱਚ 23, 24 ਅਗਸਤ ਨੂੰ ਦੋ ਦਿਨਾਂ ਵਿੱਚ ਡੇਢ ਦਰਜਨ ਤੋਂਜ਼ਿਆਦਾ ਅਪਰਾਧ ਦੇ ਮਾਮਲੇ ਦਿਖਾਏ ਹਨ। ਉਨ੍ਹਾਂ ਲਿਖਿਆ, 'ਯੂ ਪੀ ਦੇ ਮੁੱਖ ਮੰਤਰੀ ਸਰਕਾਰ ਦੀ ਸਪੀਡ ਦੱਸਦੇ ਹਨ ਅਤੇ ਅਪਰਾਧ ਦਾ ਮੀਟਰ ਉਸ ਤੋਂ ਦੁੱਗਣੀ ਸਪੀਡ ਨਾਲ ਭੱਜਦਾ ਹੈ। ਸਬੂਤ ਸਾਹਮਣੇ ਹੈ। ਇਹ ਯੂ ਪੀ ਵਿੱਚ ਦੋ ਦਿਨਾਂ ਦਾ ਅਪਰਾਧ ਦਾ ਮੀਟਰ ਹੈ।'

# ਮਹਿਲਾ ਠੱਗ ਨੇ ਰਿਜ਼ਰਵ ਬੈਂਕ ਦੀ ਅਧਿਕਾਰੀ ਬਣ ਕੇ 19 ਲੱਖ ਰੁਪਏ ਲੁੱਟੇ

ਜੰਮੂ, 27 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਬਿਜ਼ਨਸ ਸ਼ੁਰੂ ਕਰਨ ਦੇ ਨਾਂਅ 'ਤੇ ਕਟੜਾ ਦੇ ਇੱਕ ਵਿਅਕਤੀ ਤੋਂ ਕਰੀਬ 19 ਲੱਖ ਰੁਪਏ ਠੱਗਣ ਦੇ ਕੇਸ ਵਿੱਚ ਪੁਲਸ ਨੇ ਦਿੱਲੀ ਦੀ ਇੱਕ ਔਰਤ ਦੇ ਨਾਲ ਸੱਤ ਹੋਰ ਦੋਸ਼ੀ ਸ਼ਾਮਲ ਕੀਤੇ ਹਨ ਅਤੇ ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਸ ਦੀ ਕਰਾਈਮ ਬ੍ਰਾਂਚ ਤੋਂ ਮਿਲੀ ਜਾਣਕਾਰੀ ਅਨੁਸਾਰ ਔਰਤ ਸੋਨੀ ਸ਼ਰਮਾ 'ਤੇ ਦੋਸ਼ ਲੱਗਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੇ ਫੋਰੈਕਸ ਡਿਪਾਰਟਮੈਂਟ ਦੀ ਅਫਸਰ ਦੱਸ ਕੇ ਸ਼ਿਕਾਇਤ ਕਰਤਾ ਨਾਲ 19,33,174 ਰੁਪਏ ਦੀ ਠੱਗੀ ਕੀਤੀ ਹੈ। ਦੋਸ਼ੀ ਔਰਤ ਨੇ ਐਨ ਈ ਐਫ ਟੀ (ਨੈਫਟ) ਅਤੇ ਆਰ ਟੀ ਜੀ ਐਸ ਦੇ ਰਾਹੀਂ ਆਪਣੇ ਵੱਖ-ਵੱਖ ਖਾਤਿਆਂ ਵਿੱਚ ਪੈਸੇ ਜਮ੍ਹਾ ਕਰਵਾਏ ਸਨ। ਇਹ ਕੇਸ ਰਵਿੰਦਰ ਸਿੰਘ ਵਾਸੀ ਬੱਸ ਸਟੈਂਡ ਕਟੜਾ ਜ਼ਿਲਾ ਰਿਆਸੀ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਉਸ ਨੇ ਕਰਾਈਮ ਬ੍ਰਾਂਚ ਨੂੰ ਦੱਸਿਆ ਕਿ ਸੋਨੀ ਸ਼ਰਮਾ ਨੇ ਖੁਦ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੇ ਫੋਰੈਕਸ ਡਿਪਾਰਟਮੈਂਟ ਦੀ ਅਧਿਕਾਰੀ ਦੱਸਿਆ ਅਤੇ ਕਿਹਾ ਸੀ ਕਿ ਉਸ ਦੇ ਕੋਲ ਬਹੁਤ ਸਾਰਾ ਪੈਸਾ ਹੈ ਅਤੇ ਉਹ ਭਾਰਤ ਵਿੱਚ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੀ ਹੈ। ਇਸ ਕੰਮ ਦੇ ਲਈ ਉਸ ਨੂੰ ਕਿਸੇ ਦੀ ਮਦਦ ਦੀ ਜ਼ਰੂਰਤ ਹੈ। ਸ਼ਿਕਾਇਤ ਕਰਤਾ ਨੂੰ ਰਿਝਾਉਣ ਲਈ ਉਸ ਨੂੰ ਫੋਨ 'ਤੇ ਦੱਸਿਆ ਗਿਆ ਕਿ ਉਸ ਦੇ ਖਾਤੇ ਵਿੱਚ ਅਰਬਾਂ ਰੁਪਏ ਦੀ ਰਕਮ ਟਰਾਂਸਫਰ ਕੀਤੀ ਜਾਏਗੀ। ਰਵਿੰਦਰ ਨੇ ਦੱਸਿਆ ਕਿ ਸੋਨੀ ਸ਼ਰਮਾ ਦੀਆਂ ਗੱਲਾਂ ਵਿੱਚ ਆ ਕੇ ਉਹ ਉਸ ਦੀਆਂ ਮੰਗਾਂ ਪੂਰੀਆਂ ਕਰਦਾ ਗਿਆ ਤੇ ਕਰੀਬ 19 ਲੱਖ ਰੁਪਏ ਉਸ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ। ਸਾਰੇ ਪੈਸੇ ਜਮ੍ਹਾਂ ਕਰਵਾਉਣ ਦੇ ਬਾਅਦ ਸੋਨੀ ਸ਼ਰਮਾ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ, ਜਿਸ ਪਿੱਛੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਨਾਲ ਠੱਗੀ ਕੀਤੀ ਗਈ ਹੈ। ਇਸ ਦੇ ਬਾਅਦ ਕਰਾਈਮ ਬ੍ਰਾਂਚ ਨੇ ਦੋਸ਼ੀਆਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਤਿੰਨ ਲੱਖ ਰੁਪਏ ਦੀ ਨਕਲੀ ਕਰੰਸੀ ਸਣੇ ਦੋ ਕਾਬੂ

ਸਿਰਸਾ, 27 ਅਗਸਤ (ਪੋਸਟ ਬਿਊਰੋ)- ਇਸ ਜ਼ਿਲੇ ਦੇ ਸੀ ਆਈ ਏ ਥਾਣਾ ਪੁਲਸ ਨੇ ਪੰਜਾਬ ਦੀ ਹੱਦ ਨੇੜਲੇ ਪਿੰਡ ਮੁਸਾਹਿਬਵਾਲਾ ਨੇੜੇ ਲਾਏ ਨਾਕੇ ਦੌਰਾਨ ਮੋਟਰ ਸਾਈਕਲ ਸਵਾਰ ਔਰਤ ਅਤੇ ਨੌਜਵਾਨ ਨੂੰ ਤਿੰਨ ਲੱਖ ਰੁਪਏ ਦੀ ਨਕਲੀ ਕਰੰਸੀ ਸਮੇਤ ਕਾਬੂ ਕੀਤਾ ਹੈ। ਦੋਸ਼ੀਆਂ ਦੀ ਪਛਾਣ ਗਗਨਦੀਪ ਸਿੰਘ ਪਿੰਡ ਧਮੁੜੀ (ਜਲੰਧਰ) ਅਤੇ ਹਰਪਾਲ ਕੌਰ ਵਾਸੀ ਨਹਿਰ ਕਲੋਨੀ ਸਿਰਸਾ ਵਜੋਂ ਹੋਈ ਹੈ।

ਡੀ ਐਸ ਪੀ ਆਰੀਅਨ ਚੌਧਰੀ ਨੇ ਦੱਸਿਆ ਕਿ ਪੁਲਸ ਟੀਮ ਜਦੋਂ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ ਤਾਂ ਮੋਟਰ ਸਾਈਕਲ ਸਵਾਰ ਦੋਵਾਂ ਮੁਲਜ਼ਮਾਂ ਨੂੰ ਰੋਕ ਕੇ ਪੁੱਛਗਿੱਛ ਕੀਤੀ। ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਤਿੰਨ ਲੱਖ ਦੇ ਨਕਲੀ ਨੋਟ ਮਿਲੇ। ਪੁਲਸ ਨੇ ਦੋਵਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਰਿਜ਼ਰਵ ਬੈਂਕ ਨੇ ਪਿਛਲੇ ਸਾਲ ਦੋ ਹਜ਼ਾਰ ਰੁਪਏ ਦੇ ਨੋਟ ਛਾਪੇ ਹੀ ਨਹੀਂ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਨੇ ਸਾਲ 2019-20 ਵਿੱਚ ਦੋ ਹਜ਼ਾਰ ਰੁਪਏ ਦੇ ਨੋਟਾਂ ਦੀ ਛਪਾਈ ਹੀ ਨਹੀਂ ਕੀਤੀ। ਇਸ ਦੌਰਾਨ ਦੋ ਹਜ਼ਾਰ ਰੁਪਏ ਦੇ ਨੋਟਾਂ ਦਾ ਪ੍ਰਸਾਰ ਵੀ ਘੱਟ ਹੋਇਆ ਹੈ।


ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ ਇਹ ਜਾਣਕਾਰੀ ਆਪਣੀ ਸਾਲਾਨਾ ਰਿਪੋਰਟ ਵਿੱਚ ਦਿੱਤੀ ਤੇ ਕਿਹਾ ਕਿ ਮਾਰਚ 2018 ਤੱਕ ਬਾਜ਼ਾਰ ਵਿੱਚ ਦੋ ਹਜ਼ਾਰ ਰੁਪਏ ਦੇ ਨੋਟਾਂ ਦੀ ਗਿਣਤੀ 33,632 ਲੱਖ ਸੀ, ਜਿਹੜੀ ਮਾਰਚ 2019 ਦੇ ਖਤਮ ਹੋਣ ਤਕ 32,910 ਲੱਖ ਰਹਿ ਗਈ ਅਤੇ ਮਾਰਚ 2020 ਦੇ ਅੰਤ ਤੱਕ ਹੋਰ ਘਟ ਕੇ 27,398 ਲੱਖ ਰਹਿ ਗਈ। ਸਿਸਟਮ ਵਿੱਚ ਚੱਲਦੇ ਕੁਲ ਨੋਟਾਂ ਦੀ ਹਿੱਸੇਦਾਰੀ ਮਾਰਚ 2020 ਦੇ ਅਖ਼ੀਰ ਤੱਕ ਘੱਟ ਕੇ 2.4 ਫ਼ੀਸਦੀ 'ਤੇ ਆ ਗਈ। ਮਾਰਚ 2019 ਦੇ ਅੰਤ ਤੱਕ ਕੁਲ ਨੋਟਾਂ ਦੀ ਗਿਣਤੀ ਵਿੱਚ ਇਨ੍ਹਾਂ ਦਾ ਹਿੱਸਾ ਤਿੰਨ ਫ਼ੀਸਦੀ ਤੇ ਮਾਰਚ 2018 ਵਿੱਚ 3.3 ਫ਼ੀਸਦੀ ਸੀ। ਮੁਲ ਦੇ ਹਿਸਾਬ ਨਾਲ ਵੀ 2000 ਰੁਪਏ ਦੇ ਨੋਟਾਂ ਦੀ ਹਿੱਸੇਦਾਰੀ ਘਟੀ ਹੈ। 500 ਰੁਪਏ ਦੇ ਬੈਂਕ ਨੋਟਾਂ ਦੀ ਹਿੱਸੇਦਾਰੀ ਵਿੱਚ ਤੇਜ਼ ਵਾਧੇ ਨਾਲ ਮੁੱਲ ਅਤੇ ਗਿਣਤੀ ਦੇ ਪੱਖ ਤੋਂ 500 ਅਤੇ 200 ਰੁਪਏ ਦੇ ਨੋਟਾਂ ਦੀ ਹਿੱਸੇਦਾਰੀ ਕੁਲ ਬੈਂਕ ਨੋਟਾਂ ਵਿੱਚ ਮਾਰਚ 2020 ਤੱਕ 83.4 ਫ਼ੀਸਦੀ ਹੋ ਗਈ। ਵਿੱਤੀ ਸਾਲ 2018 ਤੋਂ 500 ਅਤੇ 200 ਰੁਪਏ ਦੇ ਨੋਟਾਂ ਦੀ ਛਪਾਈ ਵਧੀ ਹੈ। ਰਿਪੋਰਟ ਮੁਤਾਬਕ 2019-20 ਵਿੱਚ ਬੈਂਕਿੰਗ ਖੇਤਰ ਵਿੱਚ ਫੜੇ ਨਕਲੀ ਨੋਟਾਂ ਵਿੱਚੋਂ 4.6 ਫ਼ੀਸਦੀ ਰਿਜ਼ਰਵ ਬੈਂਕ ਨੇ ਫੜੇ, ਜਦ ਕਿ 95.4 ਫ਼ੀਸਦੀ ਨਕਲੀ ਨੋਟ ਹੋਰ ਬੈਂਕਾਂ ਵਲੋਂ ਫੜੇ ਗਏ। ਕੁਲ ਮਿਲਾ ਕੇ ਸਾਲ ਵਿੱਚ 2,96,695 ਨਕਲੀ ਨੋਟ ਫੜੇ ਗਏ।

# ਪ੍ਰਸ਼ਾਂਤ ਭੂਸ਼ਨ ਨੂੰ ਸਜ਼ਾ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਰਾਖਵਾਂ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਨਿਆਂ ਪਾਲਿਕਾ ਵਿਰੁੱਧ ਟਵੀਟ ਕਰਨ ਦੇ ਲਈ ਅਦਾਲਤੀ ਮਾਣ-ਹਾਨੀ ਦੇ ਦੋਸ਼ੀ ਠਹਿਰਾਏ ਗਏ ਵਕੀਲ-ਕਾਰਕੁਨ ਪ੍ਰਸ਼ਾਂਤ ਭੂਸ਼ਣ ਨੂੰ ਦਿੱਤੀ ਜਾਣ ਵਾਲੀ ਸਜ਼ਾ ਦਾ ਫੈਸਲਾ ਕੱਲ੍ਹ ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਵਿਸਥਾਰ ਵਿੱਚ ਸੁਣਵਾਈ ਮਗਰੋਂ ਰਾਖਵਾਂ ਰੱਖ ਲਿਆ ਹੈ।

ਸੁਪਰੀਮ ਕੋਰਟ ਦੇ ਬੈਂਚ ਵਿੱਚ ਜਸਟਿਸ ਬੀ ਆਰ ਗਵਈ ਅਤੇ ਕ੍ਰਿਸ਼ਨ ਮੁਰਾਰੀ ਸ਼ਾਮਲ ਸਨ। ਪ੍ਰਸ਼ਾਂਤ ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਬੈਂਚ ਅੱਗੇ ਕਿਹਾ ਕਿ ਅਦਾਲਤ ਕਹਿ ਸਕਦੀ ਹੈ ਕਿ ਉਹ ਭੂਸ਼ਣ ਨਾਲ ਸਹਿਮਤ ਨਹੀਂ ਤੇ ਭਵਿੱਖ ਵਿੱਚ ਬਿਆਨ ਦੇਣ ਲੱਗੇ ਸੰਜਮ ਤੋਂ ਕੰਮ ਲਿਆ ਜਾਵੇ। ਉਨ੍ਹਾ ਕਿਹਾ ਕਿ ਅਦਾਲਤ ਫੈਸਲੇ ਸੁਣਾਉਣ ਵੇਲੇ ਦੱਸ ਸਕਦੀ ਹੈ ਕਿ ਕਿਸ ਤਰ੍ਹਾਂ ਦੇ ਜ਼ਾਬਤੇ ਦੀ ਪਾਲਣਾ ਕਰਨੀ ਹੈ, ਪਰ ਮੰਤਵ ਭੂਸ਼ਣ ਨੂੰ ਚੁੱਪ ਕਰਾਉਣਾ ਨਹੀਂ ਹੋਣਾ ਚਾਹੀਦਾ।

ਜਸਟਿਸ ਮਿਸ਼ਰਾ ਨੇ ਕਿਹਾ 'ਅਸੀਂ ਧੰਨਵਾਦੀ ਹਾਂ ਡਾ: ਧਵਨ। ਪ੍ਰਸ਼ਾਂਤ ਭੂਸ਼ਣ ਨੇ ਵੀ ਆਪਣੇ ਸ਼ਬਦਾਂ 'ਚ ਕਈ ਥਾਂ ਸਨਮਾਨ ਜ਼ਾਹਿਰ ਕੀਤਾ ਹੈ।' ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਦਾ ਇਹੀ ਸੁਝਾਅ ਹੈ ਕਿ ਮਾਮਲਾ ਭੂਸ਼ਣ ਨੂੰ ਸਜ਼ਾ ਦਿੱਤੇ ਬਿਨਾਂ ਨਿਬੇੜ ਦਿੱਤਾ ਜਾਵੇ। ਵਕੀਲ ਧਵਨ ਨੇ ਕਿਹਾ ਕਿ ਹੱਤਕ ਦੇ ਕੇਸ ਵਿੱਚ ਕਿਸੇ ਨੂੰ ਵੀ ਮੁਆਫੀ ਮੰਗਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨਾਲ ਹੀ ਕਿਹਾ ਕਿ ਹਾਰਲੇ ਡੇਵਿਡਸਨ ਬਾਰੇ ਭੂਸ਼ਣ ਵੱਲੋਂ ਕੀਤੀ ਟਿੱਪਣੀ ਆਲੋਚਨਾ ਨਹੀਂ ਗਿਣੀ ਜਾ ਸਕਦੀ। ਵਰਨਣ ਯੋਗ ਹੈ ਕਿ ਬੈਂਚ ਨੇ ਵੀਹ ਅਗਸਤ ਨੂੰ ਭੂਸ਼ਣ ਨੂੰ ਸੋਮਵਾਰ ਤੱਕ ਦਾ ਸਮਾਂ ਦਿੱਤਾ ਅਤੇ ਆਪਣੇ ਬਿਆਨ ਉਤੇ ਮੁੜ ਵਿਚਾਰ ਕਰਨ ਤੇ 'ਬਿਨਾਂ ਸ਼ਰਤ ਮੁਆਫੀ' ਮੰਗਣ ਲਈ ਕਿਹਾ ਸੀ। ਭੂਸ਼ਣ ਦੇ ਵਕੀਲ ਧਵਨ ਨੇ ਕਿਹਾ ਕਿ ਉਨ੍ਹਾਂ ਕੋਈ ਕਤਲ ਜਾਂ ਚੋਰੀ ਨਹੀਂ ਕੀਤੀ, ਸਜ਼ਾ ਦੇਣਾ ਬਹੁਤ ਜ਼ਿਆਦਾ ਹੋਵੇਗਾ।



ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਨਿਆਂਇਕ ਢਾਂਚਾ ਕਦ ਤੱਕ ਇਹ ਸਭ ਝੱਲੇਗਾ। ਜੱਜਾਂ ਦੀ ਆਲੋਚਨਾ ਹੁੰਦੀ ਹੈ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ। ਉਹ ਬੋਲ ਵੀ ਨਹੀਂ ਸਕਦੇ। ਸੁਪਰੀਮ ਕੋਰਟ ਅਦਾਲਤ ਨੇ ਭੂਸ਼ਣ ਦੇ ਵਕੀਲ ਨੂੰ ਕਿਹਾ ਕਿ ਉਹ ਉਨ੍ਹਾਂ ਤੋਂ ਨਿਰਪੱਖਤਾ ਦੀ ਆਸ ਰੱਖਦੇ ਹਨ। ਤੁਸੀਂ ਹਰ ਕਿਸੇ ਨੂੰ ਪਿਆਰ ਕਰਨ ਵਾਲੇ ਹੋ ਸਕਦੇ ਹੋ, ਪਰ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਨਿਰਪੱਖ ਹੋਵੋ। ਕਿਸੇ ਇੱਕ ਧਿਰ ਵੱਲ ਹੀ ਨਾ ਤੁਰੋ।

ਏਦਾਂ ਹੀ ਸੁਪਰੀਮ ਕੋਰਟ ਨੇ 2009 ਦੇ ਇੱਕ ਅਦਾਲਤੀ ਹੱਤਕ ਦੇ ਕੇਸ ਵਿੱਚ ਪ੍ਰਸ਼ਾਂਤ ਭੂਸ਼ਣ ਨੂੰ ਆਰਜ਼ੀ ਰਾਹਤ ਦਿੰਦਿਆਂ ਇਹ ਕੇਸ ਕਿਸੇ ਹੋਰ ਬੈਂਚ ਦੇ ਹਵਾਲੇ ਕਰ ਦਿੱਤਾ ਹੈ। ਇਸ ਕੇਸ ਵਿੱਚ ਪੱਤਰਕਾਰ ਤਰੁਣ ਤੇਜਪਾਲ ਵੀ ਸ਼ਾਮਲ ਹਨ। ਅਦਾਲਤ ਦੇ ਮੁਤਾਬਕ ਇਸ ਕੇਸ ਵਿੱਚ ਕਈ ਵੱਡੇ ਸਵਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੁੜੇ ਹੋਏ ਹਨ। ਭੂਸ਼ਣ ਨੇ ਨਿਆਂ ਪਾਲਿਕਾ ਦੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਸੀ। ਇਸ ਵਾਲੀਆਂ ਟਿੱਪਣੀਆਂ ਭੂਸ਼ਣ ਨੇ ਤਹਿਲਕਾ ਰਸਾਲੇ ਨੂੰ ਦਿੱਤੀ ਇੰਟਰਵਿਊ ਵਿੱਚ ਕੀਤੀਆਂ ਸਨ। ਤੇਜਪਾਲ ਓਦੋਂ ਤਹਿਲਕਾ ਦੇ ਸੰਪਾਦਕ ਸਨ। ਪ੍ਰਸ਼ਾਂਤ ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਅਦਾਲਤੀ ਬੈਂਚ ਨੂੰ ਦੱਸਿਆ ਕਿ ਸੰਵਿਧਾਨਕ ਉਨ੍ਹਾਂ ਵੱਲੋਂ ਮਹੱਤਵ ਨਾਲ ਜੁੜੇ 10 ਸਵਾਲ ਉਠਾਏ ਗਏ ਹਨ ਤੇ ਇਨ੍ਹਾਂ ਬਾਰੇ ਵਿਚਾਰ ਸੰਵਿਧਾਨਕ ਬੈਂਚ ਨੂੰ ਕਰਨੀ ਬਣਦੀ ਹੈ। ਬੈਂਚ ਨੇ ਇਸ ਬਾਰੇ ਸੁਣਵਾਈ ਇਸ ਕਰ ਕੇ ਵੀ ਨਹੀਂ ਕੀਤੀ ਕਿ ਜਸਟਿਸ ਅਰੁਣ ਮਿਸ਼ਰਾ ਦੋ ਸਤੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ। ਕੋਰਟ ਨੇ ਕਿਹਾ ਕਿ ਕੇਸ 10 ਸਾਲਾਂ ਤੋਂ ਲਟਕਿਆ ਹੋਇਆ ਹੈ ਅਤੇ ਸੁਣਵਾਈ ਲਈ ਤਰੀਕ ਸਤੰਬਰ ਵਿੱਚ ਤੈਅ ਕੀਤੀ ਜਾਵੇਗੀ। ਮਾਮਲਾ ਅਗਲੀ 10 ਸਤੰਬਰ ਲਈ ਸੂਚੀਬੱਧ ਕੀਤਾ ਗਿਆ ਹੈ ਤੇ ਬੈਂਚ ਬਾਰੇ ਫੈਸਲਾ ਚੀਫ ਜਸਟਿਸ ਲੈਣਗੇ।

jobs! jobs! jobs! jobs! jobs!

DUNDAS·JAFINE

**HELP WANTED**

**ਕਾਮਿਆਂ ਦੀ ਲੋੜ**

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਮਾਈਂਡ ਸਪੋਰਟਸ ਓਲੰਪੀਆਡ 'ਚ ਭਾਨੂੰ ਪ੍ਰਕਾਸ਼ ਨੇ ਗੋਲਡ ਮੈਡਲ ਜਿੱਤਿਆ

*** ਭਾਨੂੰ ਪ੍ਰਕਾਸ਼ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਬਣੇ**

ਹੈਦਰਾਬਾਦ, 27 ਅਗਸਤ (ਪੋਸਟ ਬਿਊਰੋ)- ਹੈਦਰਾਬਾਦ ਦੇ ਵਸਨੀਕ ਨੀਲਕੰਠ ਭਾਨੂ ਪ੍ਰਕਾਸ਼ ਦੁਨੀਆ ਦੇ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਵਜੋਂ ਉਭਰੇ ਹਨ। ਲੰਡਨ ਵਿੱਚ ਪਿੱਛੇ ਜਿਹੇ ਕਰਵਾਏ ਮਾਈਂਡ ਸਪੋਰਟਸ ਓਲੰਪੀਆਡ ਵਜੋਂ ਉਨ੍ਹਾਂ ਨੇ ਮੈਂਟਲ ਕੈਲਕੁਲੇਸ਼ਨ ਵਰਲਡ ਚੈਂਪੀਅਨਸ਼ਿਪ 'ਚ ਭਾਰਤ ਲਈ ਪਹਿਲੀ ਵਾਰ ਸੋਨੇ ਦਾ ਮੈਡਲ ਜਿੱਤਿਆ। 21 ਸਾਲਾ ਭਾਨੂ ਪ੍ਰਕਾਸ਼ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨਜ਼ਲ ਕਾਲਜ ਤੋਂ ਮੈਥ ਦੀ ਗਰੈਜੂਏਸ਼ਨ ਕਰ ਰਹੇ ਹਨ।

ਭਾਨੂ ਪ੍ਰਕਾਸ਼ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਦੁਨੀਆ ਦੇ ਸਭ ਤੋਂ ਤੇਜ਼ ਮਨੁੱਖੀ ਕੈਲਕੁਲੇਟਰ ਹੋਣ ਦੀ ਲੜੀ 'ਚ ਉਨ੍ਹਾਂ ਨੇ ਚਾਰ ਕੌਮਾਂਤਰੀ ਰਿਕਾਰਡ ਤੇ 50 ਲਿਮਕਾ ਰਿਕਾਰਡ ਬਣਾਏ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਦਿਮਾਗ ਕੈਲਕੁਲੇਟਰ ਤੋਂ ਤੇਜ਼ ਚੱਲਦਾ ਹੈ। ਇਹ ਰਿਕਾਰਡ ਪਹਿਲਾਂ ਸਕਾਟ ਫਲੈਂਸਬਰਗ ਤੇ ਸ਼ਕੁੰਤਲਾ ਦੇਵੀ ਵਰਗੇ ਮਹਾਨ ਮੈਥ ਮਾਹਰਾਂ ਦੇ ਨਾਂਅ ਸਨ। ਇਨ੍ਹਾਂ ਰਿਕਾਰਡਾਂ ਨੂੰ ਤੋੜਨਾ ਕੌਮੀ ਸਨਮਾਨ ਦਾ ਵਿਸ਼ਾ ਹੈ। ਭਾਨੂ ਪ੍ਰਕਾਸ਼ ਨੇ ਦੱਸਿਆ ਕਿ ਉਸ ਨੂੰ 15 ਅਗਸਤ ਨੂੰ ਲੰਡਨ ਵਿੱਚ ਕਰਵਾਏ ਮਾਈਂਡ ਸਪੋਰਟਸ ਓਲੰਪੀਆਡ ਵਿੱਚ ਸੋਨੇ ਦਾ ਮੈਡਲ ਮਿਲਿਆ ਹੈ। ਮਾਨਸਿਕ ਨਿਪੁੰਨਤਾ ਤੇ ਦਿਮਾਗੀ ਖੇਡ 'ਚ ਇਹ ਦੁਨੀਆ ਦਾ ਸਭ ਤੋਂ ਵੱਕਾਰੀ ਮੁਕਾਬਲਾ ਹਰ ਸਾਲ ਲੰਡਨ ਵਿੱਚ ਕਰਾਇਆ ਜਾਂਦਾ ਹੈ। ਮਾਈਂਡ ਸਪੋਰਟਸ ਓਲੰਪੀਆਡ ਦਾ ਪ੍ਰਬੰਧ ਵਰਚੁਅਲੀ ਕੀਤਾ ਗਿਆ। ਇਸ ਵਿੱਚ ਇਸ ਸਾਲ 57 ਸਾਲ ਤੱਕ ਦੀ ਉਮਰ ਦੇ ਤੀਹ ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਬ੍ਰਿਟੇਨ, ਜਰਮਨੀ, ਯੂ ਏ ਈ, ਗਰੀਸ ਤੇ ਲਿਬਨਾਨ ਦੇ ਲੋਕ ਸ਼ਾਮਲ ਸਨ। ਪਹਿਲੀ ਵਾਰ ਇਸ ਓਲੰਪੀਆਡ ਦਾ ਪ੍ਰਬੰਧ 1998 ਵਿੱਚ ਕੀਤਾ ਗਿਆ ਸੀ। ਭਾਨੂ ਪ੍ਰਕਾਸ਼ ਨੇ ਦੱਸਿਆ ਕਿ 65 ਅੰਕਾਂ ਨਾਲ ਉਸ ਨੂੰ ਪਹਿਲਾ ਸਥਾਨ ਮਿਲਿਆ। ਮੁਕਾਬਲੇ ਦੇ ਜੱਜ ਮੇਰੀ ਰਫਤਾਰ ਤੋਂ ਏਨੇ ਹੈਰਾਨ ਸੀ ਕਿ ਸਟੀਕਤਾ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਨੇ ਮੈਨੂੰ ਵਾਧੂ ਸਵਾਲ ਪੁੱਛੇ।



# ਚਿੱਠੀ ਲਿਖਣ ਵਾਲੇ ਆਗੂਆਂ ਨੇ ਕਿਹਾ: ਅਸੀਂ ਕਾਂਗਰਸ ਦੇ ਖਿਲਾਫ ਬਗਾਵਤ ਨਹੀਂ ਕੀਤੀ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਪਾਰਟੀ ਵਿੱਚ ਸੁਧਾਰਾਂ ਦੀ ਮੰਗ 'ਤੇ ਲੋੜ ਲਈ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਹੰਗਾਮੇ ਵਾਲੀ ਬਣਾਉਣ ਤੋਂ ਇੱਕ ਦਿਨ ਪਿੱਛੋਂ ਕਾਂਗਰਸ ਦੇ ਸਿਖਰਲੇ ਆਗੂਆਂ ਦੇ ਚਿੱਠੀ ਲਿਖਣ ਵਾਲੇ 'ਗਰੁੱਪ ਆਫ 23' ਦੇ ਮੈਂਬਰਾਂ ਨੇ ਕੱਲ੍ਹ ਕਿਹਾ ਕਿ ਉਹ 'ਪਾਰਟੀ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕਰਨ ਵਾਲਿਆਂ ਵਿੱਚੋਂ ਨਹੀਂ, ਸਗੋਂ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਦੀ ਵਿਚਾਰਧਾਰਾ ਦੇ ਪ੍ਰਚਾਰਕ ਹਨ।' ਇਸ ਨੂੰ ਇੱਕ ਤਰ੍ਹਾਂ ਸਫਾਈ ਦੇਣ ਦਾ ਯਤਨ ਸਮਝਿਆ ਜਾ ਰਿਹਾ ਹੈ।

ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਵਿਵੇਕ ਤਨਖਾ ਨੇ ਕਿਹਾ ਕਿ ਪੱਤਰ ਤੋਂ ਭਾਵ ਕਾਂਗਰਸ ਲੀਡਰਸ਼ਿਪ ਨੂੰ ਚੁਣੌਤੀ ਦੇਣਾ ਨਹੀਂ, ਪਾਰਟੀ ਨੂੰ ਮਜ਼ਬੂਤ ਕਰਨਾ ਸੀ। ਸਾਬਕਾ ਕੇਂਦਰੀ ਮੰਤਰੀ ਮੁਕੁਲ ਵਾਸਨਿਕ ਨੇ ਕਿਹਾ ਕਿ ਇਸ ਪੱਤਰ ਨੂੰ ਅਪਰਾਧ ਵਜੋਂ ਵੇਖਣ ਵਾਲੇ ਲੋਕਾਂ ਨੂੰ ਛੇਤੀ ਅਹਿਸਾਸ ਹੋ ਜਾਵੇਗਾ ਕਿ ਇਸ ਵਿੱਚ ਚੁੱਕੇ ਗਏ ਮੁੱਦਿਆਂ 'ਤੇ ਗੌਰ ਕਰਨੀ ਬਣਦੀ ਹੈ। ਦੂਸਰੇ ਪਾਸੇ ਸੀਨੀਅਰ ਕਾਂਗਰਸ ਆਗੂ ਐਮ ਵੀਰੱਪਾ ਮੋਇਲੀ ਨੇ ਕਿਹਾ ਕਿ ਸੋਨੀਆ ਗਾਂਧੀ ਦੀ ਲੀਡਰਸ਼ਿਪ ਹਮੇਸ਼ਾ ਲੋੜੀਂਦੀ ਹੈ। ਉਨ੍ਹਾ ਕਿਹਾ ਕਿ ਪੱਤਰ ਦਾ ਮੁੱਖ ਮੰਤਵ ਪਾਰਟੀ ਨੂੰ 2024 ਦੀਆਂ ਲੋਕ ਸਭਾ ਚੋਣਾਂ, ਅਸੈਂਬਲੀ ਅਤੇ ਲੋਕਲ ਬਾਡੀਜ਼ ਬਾਰੇ ਚੋਣਾਂ ਲਈ ਤਿਆਰ ਕਰਨਾ ਸੀ। ਇਸ ਚਿੱਠੀ ਉੱਤੇ ਦਸਖਤ ਕਰਨ ਵਾਲੇ ਸੀਨੀਅਰ ਕਾਂਗਰਸ ਆਗੂ ਕਪਿਲ ਸਿੱਬਲ ਨੇ ਇੱਕ ਟਵੀਟ ਵਿੱਚ ਕਿਹਾ, 'ਇਹ (ਪੱਤਰ) ਕਿਸੇ ਅਹੁਦੇ ਲਈ ਨਹੀਂ ਸੀ। ਇਹ ਮੇਰੇ ਦੇਸ਼ ਬਾਰੇ ਸੀ, ਜੋ ਮੇਰੇ ਲਈ ਸਭ ਤੋਂ ਵੱਧ ਹੈ।' ਸੀਨੀਅਰ ਪਾਰਟੀ ਆਗੂ ਆਨੰਦ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੱਤਰ ਦਾ ਮੁੱਖ ਮੰਤਵ ਸਾਂਝੀ ਚਿੰਤਾ ਜ਼ਾਹਰ ਕਰਨਾ ਸੀ।



ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਦੇ ਅਸਤੀਫੇ ਮਗਰੋਂ ਸੋਨੀਆ ਗਾਂਧੀ ਨੂੰ ਇੱਕ ਸਾਲ ਪਹਿਲਾਂ ਇਸ ਪਾਰਟੀ ਦਾ ਅੰਤ੍ਰਿਮ ਪ੍ਰਧਾਨ ਥਾਪਿਆ ਗਿਆ ਸੀ। ਕਾਂਗਰਸ ਵਰਕਿੰਗ ਕਮੇਟੀ ਨੇ ਪਰਸੋਂ ਸੋਨੀਆ ਗਾਂਧੀ ਨੂੰ ਏ ਆਈ ਸੀ ਸੀ ਇਜਲਾਸ ਤੱਕ ਅੰਤ੍ਰਿਮ ਪ੍ਰਧਾਨ ਬਣੇ ਰਹਿਣ ਦੀ ਅਪੀਲ ਕੀਤੀ ਸੀ।





# ਅਮਰੀਕਾ ਸੀਰੀਆ ਵਿੱਚ ਪਾਕਿ ਅਤੇ ਆਈ ਐਸ ਸਬੰਧਾਂ ਦੀ ਜਾਂਚ ਕਰ ਰਿਹੈ

ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ)- ਅਮਰੀਕਾ ਸੀਰੀਆ ਵਿੱਚ ਪਾਕਿਸਤਾਨ ਅਤੇ ਇਸਲਾਮਿਕ ਸਟੇਟ (ਆਈ ਐਸ ਆਈ ਐੱਸ) ਦੇ ਸਬੰਧਾਂ ਦੀ ਜਾਂਚ ਕਰ ਰਿਹਾ ਹੈ। ਪਤਾ ਲੱਗਾ ਹੈ ਕਿ ਅਮਰੀਕਾ ਅਤੇ ਸਹਿਯੋਗੀ ਅਤੇ ਮੁੱਖ ਤੌਰ 'ਤੇ ਕੁਰਦ ਸੀਰੀਅਨ ਡੈਮੋਕ੍ਰੇਟਿਕ ਫੋਰਸਿਸ ਨੇ ਉਨ੍ਹਾਂ 9 ਪਾਕਿਸਤਾਨੀ ਅਤੇ ਹੋਰ ਅੱਤਵਾਦੀਆਂ ਦੀ ਸਾਂਝੀ ਸੂਚੀ ਜਾਰੀ ਕੀਤੀ ਹੈ, ਜੋ ਇਸਲਾਮਿਕ ਸਟੇਟ ਲਈ ਲੜਨ ਦੇ ਬਾਅਦ ਉਨ੍ਹਾਂ ਦੀ ਹਿਰਾਸਤ 'ਚ ਹਨ।



ਦਿੱਲੀ ਤੇ ਵਾਸ਼ਿੰਗਟਨ 'ਚ ਅੱਤਵਾਦ ਰੋਕੂ ਅਧਿਕਾਰੀਆਂ ਦੇ ਮੁਤਾਬਕ ਅਮਰੀਕਾ ਵੱਲੋਂ ਜਾਰੀ ਹੋਈ ਅੱਤਵਾਦੀਆਂ ਦੀ ਇਸ ਲਿਸਟ 'ਚ ਚਾਰ ਪਾਕਿਸਤਾਨੀ ਹਨ, ਜਿਨ੍ਹਾਂ ਨੇ ਤੁਰਕੀ ਅਤੇ ਸੂਡਾਨ ਵਰਗੇ ਦੇਸ਼ਾਂ ਦੀ ਨਾਗਿਰਕਤਾ ਹਾਸਲ ਕੀਤੀ ਸੀ। ਫੜੇ ਗਏ 29 ਆਈ ਐਸ ਅੱਤਵਾਦੀਆਂ 'ਚ 9 ਔਰਤਾਂ ਵੀ ਸ਼ਾਮਲ ਹਨ।

ਇਸ ਸੂਚੀ ਦੇ ਜਾਰੀ ਹੋਣ ਨਾਲ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਟੈਨਸ਼ਨ ਹੋਰ ਵਧ ਗਈ ਹੈ। ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਵਿੱਚ ਪਾਕਿਸਤਾਨ ਉਤੇ ਬਲੈਕ ਲਿਸਟ ਹੋਣ ਦੀ ਤਲਵਾਰ ਪਹਿਲਾਂ ਤੋਂ ਲਟਕ ਰਹੀ ਹੈ ਅਤੇ ਅਮਰੀਕਾ ਦੀ ਇਸ ਜਾਂਚ ਨਾਲ ਇਮਰਾਨ ਲਈ ਹੋਰ ਮੁਸੀਬਤ ਬਣ ਜਾਏਗੀ। ਕਾਊਂਟਰ ਟੈਰਰ ਅਧਿਕਾਰੀ ਮੁਤਾਬਕ ਅਮਰੀਕੀ ਸੁਰੱਖਿਆ ਏਜੰਸੀਆਂ ਇਨ੍ਹਾਂ ਪਾਕਿਸਤਾਨੀ ਨਾਗਰਿਕਾਂ ਤੋਂ ਪੁੱਛਗਿੱਛ ਕਰ ਰਹੀਆਂ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸੀਰੀਆ 'ਚ ਆਈ ਐਸ ਅਤੇ ਅਲ ਕਾਇਦਾ ਵਰਗੇ ਅੱਤਵਾਦੀਆਂ ਗਰੁੱਪਾਂ ਜਾਂ ਪਾਕਿਸਤਾਨ 'ਚ ਕਿਸੇ ਵੀ ਹੋਰ ਇਸਲਾਮਿਕ ਗਰੁੱਪ ਲਈ ਲੜਨ ਵਾਸਤੇ ਭੇਜਿਆ ਸੀ। ਅਫਗਾਨਿਸਤਾਨ 'ਚ ਇਸਲਾਮਿਕ ਸਟੇਟ ਆਫ ਖੁਰਾਸਾਨ ਪ੍ਰਾਵਿੰਸ ਅੱਤਵਾਦੀ ਸੰਗਠਨ ਨਾਲ ਵੀ ਪਾਕਿਸਤਾਨੀ ਜੁੜੇ ਹੋਏ ਹਨ, ਇਸ ਲਈ ਇਸ ਵਿੱਚ ਵੀ ਜੇਕਰ ਕੋਈ ਉਨ੍ਹਾਂ ਦੀ ਕੋਈ ਭੂਮਿਕਾ ਹੋਵੇਗੀ ਤਾਂ ਉਸਦਾ ਪਤਾ ਲੱਗ ਜਾਏਗਾ।

## ਨਿਊਜ਼ੀਲੈਂਡ ਦੇ ਮਸਜਿਦ ਹਮਲੇ ਵਿੱਚ ਪਿਤਾ ਦੀ ਮੌਤ ਜਰਨ ਵਾਲੀ ਧੀ ਨੇ ਹਾਜ਼ਰ ਲੋਕ ਰੁਆਏ

ਕ੍ਰਾਈਸਟ ਚਰਚ (ਨਿਊਜ਼ੀਲੈਂਡ), 27 ਅਗਸਤ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ 'ਤੇ ਹਮਲੇ ਦੇ ਕੇਸ ਦੀ ਚਾਰ ਰੋਜ਼ਾ ਸੁਣਵਾਈ ਦੇ ਤੀਜੇ ਦਿਨ ਕੱਲ੍ਹ ਅਦਾਲਤ ਵਿੱਚ ਇੱਕ ਲੜਕੀ ਦੀਆਂ ਆਪਣੇ ਪਿਤਾ, ਜੋ ਹਮਲੇ 'ਚ ਮਾਰਿਆ ਗਿਆ ਸੀ, ਲਈ ਲਿਖੀਆਂ ਕਾਵਿ-ਸਤਰਾਂ ਨੇ ਲੋਕਾਂ ਨੂੰ ਜਜ਼ਬਾਤੀ ਕਰ ਦਿੱਤਾ।

ਵਰਨ ਯੋਗ ਹੈ ਕਿ ਮਾਰਚ 2019 ਵਿੱਚ ਦੋ ਮਸਜਿਦਾਂ 'ਤੇ ਕੀਤੇ ਹਮਲਿਆਂ ਵਿੱਚ 51 ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਵਾਲਾ ਦੋਸ਼ੀ ਬਰੈਂਟਨ ਹੈਰੀਸਨ ਟਾਰੈਂਟ (29) ਸੁਣਵਾਈ ਦੌਰਾਨ ਅਦਾਲਤ ਵਿੱਚ ਮੌਜੂਦ ਸੀ। ਸਾਰਾ ਕਾਸਿਮ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਸ ਦੇ ਪਿਤਾ ਨੂੰ ਆਪਣੇ ਆਖਰੀ ਸਮੇਂ ਵਿੱਚ ਡਰ ਲੱਗਾ ਜਾਂ ਦਰਦ ਹੋਇਆ ਸੀ ਅਤੇ ਉਹ ਚਾਹੁੰਦੀ ਹੈ ਕਿ ਉਹ ਸਮੇਂ ਆਪਣੇ ਪਿਤਾ ਦਾ ਹੱਥ ਫੜਨ ਲਈ ਓਥੇ ਮੌਜੂਦ ਹੁੰਦੀ। ਉਸ ਨੇ ਬੰਦੂਕਧਾਰੀ ਹਮਲਾਵਰ ਨੂੰ ਕਿਹਾ ਕਿ ਉਹ ਉਸ ਦੇ ਪਿਤਾ ਦਾ ਨਾਂ ਅਬਦੁਲ ਫਤਾਹ ਕਾਸਿਮ ਹਮੇਸ਼ਾ ਯਾਦ ਰੱਖੇ। ਉਸ ਨੇ ਕਿਹਾ, 'ਇੱਕ ਧੀ ਨੂੰ ਹਮੇਸ਼ਾ ਆਪਣਾ ਪਿਤਾ ਚਾਹੀਦਾ ਹੁੰਦਾ ਹੈ। ਮੈਂ ਉਨ੍ਹਾਂ ਨਾਲ ਕਈ ਯਾਤਰਾਵਾਂ ਕਰਨਾ ਚਾਹੁੰਦੀ ਸਾਂ। ਮੈਂ ਉਨ੍ਹਾਂ ਵੱਲੋਂ ਆਪਣੀ ਬਗੀਚੀ 'ਚੋਂ ਤਾਜ਼ੀ ਸਮੱਗਰੀ ਲਿਆ ਕੇ ਬਣਾਏ ਖਾਣੇ ਦੀ ਮਹਿਕ ਲੈਣਾ ਚਾਹੁੰਦੀ ਹਾਂ। ਉਨ੍ਹਾਂ ਦੇ ਇਤਰ ਨੂੰ ਸੁੰਘਣਾ ਚਾਹੁੰਦੀ ਹਾਂ। ਮੈਂ ਚਾਹੁੰਦੀ ਹਾਂ ਕਿ ਉਹ ਮੈਨੂੰ ਫਲਸਤੀਨ ਦੇ ਜੈਤੂਨ ਦੇ ਰੁੱਖਾਂ ਬਾਰੇ ਹੋਰ ਜਾਣਕਾਰੀ ਦੇਣ ਅਤੇ ਮੈਂ ਉਨ੍ਹਾਂ ਦੀ ਆਵਾਜ਼ ਸੁਣਨਾ ਚਾਹੁੰਦੀ ਹਾਂ।'' ਇਸ ਸੁਣਵਾਈ ਦੌਰਾਨ ਕੁਝ ਪੀੜਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਦੋਸ਼ੀ ਟਾਰੈਂਟ ਨਾਲ ਆਹਮੋ-ਸਾਹਮਣੇ ਗੱਲ ਕਰਨ ਦਾ ਮੌਕਾ ਦਿੱਤਾ ਗਿਆ ਹੈ। ਕਈਆਂ ਨੇ ਜੱਜ ਤੋਂ ਦੋਸ਼ੀ ਨੂੰ ਸਭ ਤੋਂ ਸਖਤ ਸਜ਼ਾ (ਬਿਨਾਂ ਪੈਰੋਲ ਤੋਂ ਉਮਰ ਕੈਦ) ਦਿੱਤੇ ਜਾਣ ਦੀ ਮੰਗ ਕੀਤੀ। ਕਾਸਿਮ ਨੇ ਕਿਹਾ, 'ਟਾਰੈਂਟ ਨੇ ਮੂਰਖਾਨਾ, ਗੈਰ-ਜ਼ਿੰਮੇਵਾਰ, ਸਵਾਰਥੀ, ਘਿਨਾਉਣੀ, ਬੇਰਹਿਮ ਅਤੇ ਦਰਿੰਦਗੀ ਵਾਲੀ ਚੋਣ ਕੀਤੀ ਹੈ।' ਉਸ ਨੇ ਕਿਹਾ ਕਿ ਉਸ ਨੂੰ ਟਾਰੈਂਟ ਦੇ ਕਰਮਾਂ ਅਤੇ ਦਾਗ਼ੀ ਹਿਰਦੇ ਅਤੇ ਉਸ ਦੀ ਵਿਸ਼ਵ ਬਾਰੇ ਸੌੜੀ ਸੋਚ 'ਤੇ ਤਰਸ ਆਉਂਦਾ ਹੈ, ਜਿਸ ਕਰ ਕੇ ਉਹ ਵੰਨ-ਸੁਵੰਨਤਾ ਨੂੰ ਧਾਰਨ ਨਹੀਂ ਸਕਿਆ।

## ਲਿਓਨਿਲ ਮੈਸੀ 20 ਸਾਲਾਂ ਬਾਅਦ ਬਾਰਸੀਲੋਨਾ ਛੱਡਣ ਨੂੰ ਤਿਆਰ

ਮੈਡ੍ਰਿਡ, 27 ਅਗਸਤ (ਪੋਸਟ ਬਿਊਰੋ)- 20 ਸਾਲਾਂ ਤੋਂ ਬਾਰਸੀਲੋਨਾ ਨਾਲ ਜੁੜੇ ਅਰਜਨਟੀਨਾ ਦੇ ਸਟਾਰ ਫੁੱਟਬਾਲਰ ਅਤੇ ਦੁਨੀਆ ਦੇ ਬੈਸਟ ਸਟ੍ਰਾਈਕਰਾਂ 'ਚੋਂ ਇੱਕ ਲਿਓਨੇਲ ਮੈਸੀ ਨੇ ਆਪਣੀ ਕਲੱਬ ਨੂੰ ਕਿਹਾ ਹੈ ਕਿ ਉਹ ਕਲੱਬ ਛੱਡਣਾ ਚਾਹੁੰਦਾ ਹੈ। ਮੈਸੀ ਨੇ ਬਾਰਸੀਲੋਨਾ ਨੂੰ ਦੱਸਿਆ ਹੈ ਕਿ ਉਹ ਆਪਣੇ ਸਮਝੌਤੇ 'ਚੋਂ 70 ਕਰੋੜ ਯੂਰੋ (826 ਕਰੋੜ ਡਾਲਰ) ਦਾ ਰਿਲੀਜ਼ ਨਿਯਮ ਹੋਣ ਦੇ ਬਾਵਜੂਦ ਕਲੱਬ ਛੱਡਣਾ ਚਾਹੁੰਦਾ ਹੈ।

ਅਰਜਨਟੀਨਾ ਟੀ ਵੀ ਚੈਨਲ ਟੀ ਵਾਈ ਸੀ ਸਪੋਰਟਸ ਅਨੁਸਾਰ ਮੈਸੀ ਨੇ ਆਪਣੇ ਸਮਝੌਤੇ ਨੂੰ ਖ਼ਤਮ ਕਰਨ ਬਾਰੇ ਕਲੱਬ ਨੂੰ ਫੈਕਸ ਭੇਜੀ ਹੈ, ਜਿਸ 'ਚ ਇੱਕ ਨਿਯਮ ਦੱਸਿਆ ਗਿਆ ਹੈ, ਜੋ ਉਨ੍ਹਾਂ ਨੂੰ ਇਸ ਸੀਜ਼ਨ ਦੇ ਅੰਤ ਵਿੱਚ ਆਪਣੇ ਸਮਝੌਤੇ ਨੂੰ ਰੱਦ ਕਰਨ ਦੀ ਇਕਪਾਸੜ ਇਜਾਜ਼ਤ ਦਿੰਦਾ ਹੈ। ਕਲੱਬ ਨੂੰ ਮੈਸੀ ਦਾ ਪੱਤਰ ਮਿਲ ਚੁੱਕਾ ਹੈ ਅਤੇ ਕਲੱਬ ਕੋਲ ਸਮਝੌਤਾ ਖ਼ਤਮ ਕਰਨ ਲਈ 10 ਜੂਨ ਤੱਕ ਸਮਾਂ ਸੀ, ਜੋ ਖ਼ਤਮ ਹੋ ਚੁੱਕਾ ਹੈ। ਮੈਸੀ ਅਨੁਸਾਰ ਇਹ ਗੱਲ ਬਕਵਾਸ ਹੈ ਕਿਉਂਕਿ ਬਾਰਸੀਲੋਨਾ ਦੀ ਮੁਹਿੰਮ 14 ਅਗਸਤ ਨੂੰ ਚੈਂਪੀਅਨ ਲੀਗ 'ਚ ਬਾਇਰਨ ਮਿਊਨਿਖ ਹੱਥੋਂ 2-8 ਨਾਲ ਮਿਲੀ ਹਾਰ ਤੋਂ ਬਾਅਦ ਜਾ ਕੇ ਖ਼ਤਮ ਹੋਈ ਹੈ। ਅੱਗੋਂ ਮੈਸੀ ਦਾ ਪੀ ਸੀ ਆਰ ਟੈਸਟ 'ਚ ਹਿੱਸਾ ਲੈਣ ਦਾ ਕੋਈ ਇਰਾਦਾ ਨਹੀਂ। ਉਸ ਨੇ ਇਥੇ ਆਪਣੇ ਭਵਿੱਖ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ।

ਵਰਨਣ ਯੋਗ ਹੈ ਕਿ ਉਹ 13 ਸਾਲਾਂ ਦੀ ਉਮਰ ਤੋਂ ਉਸ ਕਲੱਬ ਨਾਲ ਜੁੜਿਆ ਹੈ ਅਤੇ ਅੱਜ ਤੱਕ 737 ਮੈਚਾਂ 'ਚ 634 ਗੋਲ ਕਰ ਚੁੱਕਾ ਹੈ।

ਬਾਰਸੀਲੋਨਾ ਨੇ ਅਜੇ ਤੱਕ ਲਿਓਨੇਲ ਮੈਸੀ ਦੇ ਬਣੇ ਰਹਿਣ ਦੀ ਉਮੀਦ ਨਹੀਂ ਛੱਡੀ। ਬਾਰਸੀਲੋਨਾ ਦੇ ਤਕਨੀਕੀ ਡਾਇਰੈਕਟਰ ਰੇਮਨ ਪਲੇਨੇਸ ਨੇ ਕਿਹਾ ਕਿ ਅਸੀਂ ਫੁੱਟਬਾਲ ਦੇ ਇਤਿਹਾਸ ਦੇ ਬੈਸਟ ਖਿਡਾਰੀ ਨਾਲ ਮਿਲ ਕੇ ਭਵਿੱਖ ਦੀ ਟੀਮ ਤਿਆਰ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਉਹ ਟੀਮ 'ਚ ਬਣਿਆ ਰਹੇ। ਸਾਨੂੰ ਉਸ ਦੇ ਪ੍ਰਤੀ ਸਨਮਾਨ ਦਿਖਾਉਣਾ ਪਵੇਗਾ, ਕਿਉਂਕਿ ਉਹ ਦੁਨੀਆ ਦਾ ਬੈਸਟ ਖਿਡਾਰੀ ਹੈ।


## ਪਾਕਿ ਸਰਕਾਰ ਆਪਣੀ ਸੈਨੇਟ ਵਿੱਚ ਬਿੱਲ ਪਾਸ ਨਹੀਂ ਕਰਵਾ ਸਕੀ

ਇਸਲਾਮਾਬਾਦ, 27 ਅਗਸਤ (ਪੋਸਟ ਬਿਊਰੋ)- ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੇ ਸਖਤ ਨਿਯਮਾਂ ਨਾਲ ਜੁੜੇ ਦੋ ਬਿੱਲ ਪਾਕਿਸਤਾਨ ਸਰਕਾਰ 104 ਮੈਂਬਰੀ ਸੈਨੇਟ ਤੋਂ ਪਾਸ ਹੀ ਨਹੀਂ ਕਰਵਾ ਸਕੀ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਬਾਰੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਆਪਣੀ ਕਾਲੀ ਕਮਾਈ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਦੁਨੀਆ ਭਰ ਵਿੱਚ ਮਨੀ ਲਾਂਡਰਿੰਗ ਅਤੇ ਅੱਤਵਾਦੀ ਫੰਡਿੰਗ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਐਫ ਏ ਟੀ ਐਫ ਨੇ ਜੂਨ 2018 ਤੋਂ ਪਾਕਿਸਤਾਨ ਨੂੰ ਗ੍ਰੇਅ ਲਿਸਟ ਵਿੱਚ ਰੱਖਿਆ ਹੋਇਆ ਹੈ। ਐਫ ਏ ਟੀ ਐਫ ਦੀ ਕਾਰਜ ਯੋਜਨਾ 'ਤੇ ਅਮਲ ਨਾ ਹੋਇਆ ਤਾਂ ਅਕਤੂਬਰ 'ਚ ਹੋਣ ਵਾਲੀ ਬੈਠਕ 'ਚ ਪਾਕਿਸਤਾਨ ਨੂੰ ਕਾਲੀ ਸੂਚੀ 'ਚ ਪਾਇਆ ਜਾ ਸਕਦਾ ਹੈ। ਇਸ ਤੋਂ ਬਚਣ ਲਈ ਸਰਕਾਰ ਨੇ ਦੋਵਾਂ ਬਿੱਲਾਂ ਨੂੰ ਵਿਰੋਧੀ ਧਿਰ ਦੇ ਵਿਰੋਧ ਦੇ ਬਾਵਜੂਦ ਹਾਲੇ ਇੱਕ ਦਿਨ ਪਹਿਲਾਂ ਨੈਸ਼ਨਲ ਅਸੈਂਬਲੀ ਤੋਂ ਪਾਸ ਕਰਵਾ ਲਿਆ ਸੀ, ਪਰ ਵਿਰੋਧੀ ਧਿਰ ਨੇ ਦੋਵਾਂ ਬਿੱਲਾਂ ਸੈਨੇਟ ਵਿੱਚ ਰੱਦ ਕਰ ਦਿੱਤਾ। ਇਸ ਤੋਂ ਪਹਿਲਾਂ ਸੈਨੇਟ ਦੇ ਨੇਤਾ ਸ਼ਹਿਜ਼ਾਦ ਵਸੀਮ ਨੇ ਪਿਛਲੇ ਹਫਤੇ ਵਿਰੋਧੀ ਧਿਰ ਦੇ ਨੇਤਾ ਉੱਤੇ ਕੀਤੀ ਆਪਣੀ ਟਿੱਪਣੀ 'ਤੇ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ ਸੀ। ਵਸੀਮ ਨੇ ਵਿਰੋਧੀ ਧਿਰ ਦੇ ਕਿਸੇ ਨੇਤਾ ਦਾ ਨਾਂਅ ਲਏ ਬਿਨਾਂ ਉਨ੍ਹਾਂ 'ਤੇ ਮਨੀ ਲਾਂਡਰਿੰਗ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਇਸ ਦੇ ਬਾਅਦ ਪਾਰਲੀਮੈਂਟ ਦੇ ਸਾਂਝੇ ਹਾਊਸ ਵਿੱਚ ਦੋਵਾਂ ਬਿੱਲਾਂ 'ਤੇ ਵੋਟਿੰਗ ਕਰਵਾਈ ਜਾਵੇਗੀ। ਬਿੱਲ ਰੱਦ ਹੋਣ ਤੋਂ ਬਾਅਦ ਇਮਰਾਨ ਨੇ ਟਵੀਟ ਕੀਤਾ ਕਿ ਮੈਂ ਇਸ ਗੱਲ 'ਤੇ ਕਾਇਮ ਹਾਂ ਕਿ ਵਿਰੋਧੀ ਧਿਰ ਦੇ ਨੇਤਾਵਾਂ ਅਤੇ ਦੇਸ਼ ਦੇ ਹਿੱਤ ਵੱਖੋ-ਵੱਖ ਹਨ।

## ਪਤਨੀ ਅਤੇ ਮਾਂ ਦੀ ਹੱਤਿਆ ਦੇ ਦੋਸ਼ ਵਿੱਚ ਕਪੂਰਥਲੇ ਦਾ ਅਥਲੀਟ ਇਕਬਾਲ ਗ੍ਰਿਫਤਾਰ

ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ)- ਏਸ਼ੀਆਈ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਤਾਂਬੇ ਦਾ ਤਮਗਾ ਜਿੱਤ ਚੁੱਕੇ ਐਥਲੀਟ ਇਕਬਾਲ ਸਿੰਘ ਨੂੰ ਆਪਣੀ ਪਤਨੀ ਤੇ ਮਾਂ ਦੀ ਹੱਤਿਆ ਦੇ ਦੋਸ਼ ਵਿੱਚ ਅਮਰੀਕਾ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਕਪੂਰਥਲਾ ਜ਼ਿਲੇ ਦੇ ਭੁਲੱਥ ਹਲਕੇ ਦੇ ਪਿੰਡ ਬੋਪਾਰਾਏ ਦੇ ਵਾਸੀ ਇਕਬਾਲ 'ਤੇ ਸੋਮਵਾਰ ਨੂੰ ਕਤਲ ਦੇ ਦੋਸ਼ ਤੈਅ ਕੀਤੇ ਗਏ ਅਤੇ ਉਸ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ। ਉਸ ਨੂੰ ਜ਼ਮਾਨਤ ਨਹੀਂ ਮਿਲੀ ਹੈ।



'ਦ ਫਿਲਾਡੈਲਫੀਆ ਇੰਕਵਾਇਰਰ' ਨੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਪੈਨਸਿਲਵੇਨੀਆ ਰਾਜ ਦੇ ਡਿਲਾਵਰ ਕਾਊਂਟੀ ਦੇ ਵਸਨੀਕ 62 ਸਾਲਾ ਇਕਬਾਲ ਸਿੰਘ ਨੇ ਐਤਵਾਰ ਸਵੇਰੇ ਪੁਲਸ ਨੂੰ ਖੁਦ ਫੋਨ ਕਰ ਕੇ ਆਪਣਾ ਅਪਰਾਧ ਕਬੂਲ ਕੀਤਾ। ਪੁਲਸ ਜਦ ਨਿਊ ਟਾਊਨਸ਼ਿਪ ਵਿੱਚ ਇਕਬਾਲ ਦੇ ਘਰ ਪਹੁੰਚੀ ਤਾਂ ਦੇਖਿਆ ਕਿ ਉਹ ਖੂਨ ਨਾਲ ਲਥਪਥ ਹੈ ਅਤੇ ਉਸ ਨੇ ਖੁਦ ਨੂੰ ਵੀ ਸੱਟਾਂ ਪਹੁੰਚਾਈਆਂ ਹਨ। ਘਰ ਦੇ ਅੰਦਰ ਉਸ ਦੀ ਮਾਂ ਨਸੀਬ ਕੌਰ ਅਤੇ ਪਤਨੀ ਜਸਪਾਲ ਕੌਰ ਦੀਆਂ ਲਾਸ਼ਾਂ ਪਈਆਂ ਸਨ। ਕਤਲ ਦਾ ਕਾਰਨ ਪਤਾ ਨਹੀਂ ਲੱਗਾ। ਇਕਬਾਲ ਨੇ 1983 ਵਿੱਚ ਕੁਵੈਤ ਵਿੱਚ ਹੋਈ ਗੋਲਾ ਸੁੱਟਣ ਦੀ ਏਸ਼ੀਆਈ ਚੈਂਪੀਅਨਸ਼ਿਪ ਵਿੱਚ ਤਾਂਬੇ ਦਾ ਤਮਗਾ ਜਿੱਤਿਆ ਸੀ, ਪਰ ਇਸ ਪਿੱਛੋਂ ਉਸ ਨੇ ਕਿਸੇ ਏਸ਼ੀਅਨ ਖੇਡ ਵਿੱਚ ਹਿੱਸਾ ਨਹੀਂ ਲਿਆ। ਕਪੂਰਥਲਾ ਜ਼ਿਲੇ ਦੇ ਇਕਬਾਲ ਸਿੰਘ ਨੇ ਹੁਸ਼ਿਆਰਪੁਰ ਜ਼ਿਲੇ ਦੇ ਟਾਂਡਾ ਉੜਮੁੜ ਦੇ ਖੱਖ ਪਿੰਡ ਵਿੱਚ ਨਾਨੇ ਦੇ ਘਰ ਲੰਬਾ ਸਮਾਂ ਬਿਤਾਇਆ ਹੈ। ਉਸ ਨੇ ਕੁਝ ਦਿਨਾਂ ਤੱਕ ਪੰਜਾਬ ਪੁਲਸ ਦੀ ਨੌਕਰੀ ਕੀਤੀ ਤੇ ਫਿਰ ਅਮਰੀਕਾ ਵਿੱਚ ਸੈਟਲ ਹੋ ਗਿਆ। ਮੀਡੀਆ ਅਨੁਸਾਰ ਉਹ ਟੈਕਸੀ ਕੈਬ ਡਰਾਈਵਰ ਵਜੋਂ ਕੰਮ ਕਰਦਾ ਸੀ।

ਇਕਬਾਲ ਦੇ ਨਾਲ ਏਸ਼ੀਆਈ ਚੈਂਪੀਅਨਸ਼ਿਪ ਵਿੱਚ ਤਾਂਬੇ ਦਾ ਤਮਗਾ ਜਿੱਤਣ ਵਾਲੇ ਬਲਵਿੰਦਰ ਸਿੰਘ ਧਾਲੀਵਾਲ ਨੇ ਚੰਡੀਗੜ੍ਹ ਤੋਂ ਦੱਸਿਆ, ਉਹ ਇੱਕ ਚੰਗੇ ਤੇ ਸ਼ਾਂਤ ਸੁਭਾਅ ਵਾਲਾ ਬੰਦਾ ਸੀ।

## ਦਾਊਦ ਆਪਣੇ ਟਿਕਾਣਿਆਂ ਦੇ ਖ਼ੁਲਾਸੇ ਤੋਂ ਬਾਅਦ ਡਰਿਆ

ਇਸਲਾਮਾਬਾਦ, 27 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੀ ਖੁਫ਼ੀਆ ਏਜੰਸੀ ਦੀ ਪਨਾਹ 'ਚ ਰਹਿ ਰਹੇ ਮਾਫ਼ੀਆ ਡਾਨ ਦਾਊਦ ਇਬਰਾਹੀਮ ਦੇ ਟਿਕਾਣਿਆਂ ਦੇ ਖ਼ੁਲਾਸੇ ਪਿੱਛੋਂ ਉਸ ਨੇ ਸੁਰੱਖਿਆ ਵਧਾਏ ਜਾਣ ਲਈ ਪਾਕਿਸਤਾਨੀ ਫੌਜ ਦੇ ਕੁਝ ਅਧਿਕਾਰੀਆਂ ਅਤੇ ਆਈ ਐਸ ਆਈ ਨੂੰ ਅਪੀਲ ਕੀਤੀ ਹੈ। ਇਸ ਦੇ ਬਾਅਦ ਉਸ ਦੇ ਆਸ-ਪਾਸ ਸੁਰੱਖਿਆ ਵਧਾ ਦਿੱਤੀ ਗਈ ਹੈ। ਭਾਰਤ ਦੀ ਲੋੜੀਂਦੇ ਅੱਤਵਾਦੀਆਂ ਦੀ ਸੂਚੀ 'ਚ ਸ਼ਾਮਲ ਦਾਊਦ ਕਰਾਚੀ ਦੇ ਇੱਕ ਬਹੁਤ ਹੀ ਪਾਸ਼ ਖੇਤਰ 'ਚ ਰਹਿੰਦਾ ਹੈ, ਜਿੱਥੇ ਪਾਕਿਸਤਾਨੀ ਫ਼ੌਜ ਦੇ ਬਹੁਤ ਸਾਰੇ ਉਚ ਅਧਿਕਾਰੀਆਂ ਦੀਆਂ ਕੋਠੀਆਂ ਹਨ।

ਦੱਸਿਆ ਜਾ ਰਿਹਾ ਹੈ ਕਿ ਦਾਊਦ ਇਬਰਾਹੀਮ ਨੂੰ ਇਮਰਾਨ ਖ਼ਾਨ ਦੀ ਸਰਕਾਰ ਅਤੇ ਆਈ ਐਸ ਆਈ ਤੋਂ ਹਰ ਪ੍ਰਕਾਰ ਦੀ ਸਹਾਇਤਾ ਮਿਲਦੀ ਹੈ। ਪਾਕਿਸਤਾਨ ਨੇ ਐਫ ਏ ਟੀ ਐਫ ਦੀ ਗਰੇਅ ਸੂਚੀ ਤੋਂ ਬਚਣ ਲਈ ਬੀਤੇ ਦਿਨੀਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਦਾਊਦ ਇਬਰਾਹੀਮ ਸਮੇਤ 88 ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਦੇ ਖ਼ਿਲਾਫ਼ ਕਾਰਵਾਈ ਕਰਨ ਦਾ ਦਾਅਵਾ ਕੀਤਾ ਸੀ ਅਤੇ ਇਸ ਬਾਰੇ ਜੋ ਦਸਤਾਵੇਜ਼ ਜਾਰੀ ਕੀਤੇ ਹਨ, ਉਨ੍ਹਾਂ 'ਚ ਦੱਸਿਆ ਗਿਆ ਹੈ ਕਿ 27 ਦਸੰਬਰ 1955 ਨੂੰ ਮਹਾਰਾਸ਼ਟਰ ਦੇ ਰਤਨਾਗਿਰੀ ਖੇਰ 'ਚ ਪੈਦਾ ਹੋਇਆ ਸ਼ੇਖ਼ ਦਾਊਦ ਇਬਰਾਹੀਮ ਕਾਸਕਰ ਭਾਰਤੀ ਨਾਗਰਿਕ ਹੈ। ਉਸ ਦੇ ਸਾਰੇ ਨਾਵਾਂ ਦਾਊਦ ਹਸਨ, ਅਬਦੁਲ ਹਮੀਦ, ਅਬਦੁਲ ਅਜ਼ੀਜ਼, ਦਾਊਦ ਸਾਬਰੀ, ਹਾਜੀ ਭਾਈ ਦਾ ਜ਼ਿਕਰ ਕਰਦਿਆਂ ਇਨ੍ਹਾਂ ਦਸਤਾਵੇਜ਼ਾਂ 'ਚ ਉਸ ਦੇ ਕਰਾਚੀ ਦੇ ਕਲਿਫਟਨ 'ਚ ਸਾਊਦੀ ਮਸਜਿਦ ਨੇੜੇ ਵਾਈਟ ਹਾਊਸ, ਨੰਬਰ 37, 30ਵੀਂ ਸਟਰੀਟ-ਡਿਫੈਂਸ, ਹਾਊਸਿੰਗ ਅਥਾਰਿਟੀ ਅਤੇ ਨੂਰਾਬਾਦ 'ਚ ਪਲੇਸ਼ੀਅਲ ਬੰਗਲੇ ਦਾ ਜ਼ਿਕਰ ਕੀਤਾ ਗਿਆ ਹੈ। ਦਸਤਾਵੇਜ਼ਾਂ 'ਚ ਸਾਲ 1975, 1978, 1979, 1981, 1983, 1985, 1989 ਜੇਦਾਹ 'ਚ, 1985 ਦੁਬਈ 'ਚ, 1991 ਰਾਵਲਪਿੰਡੀ 'ਚ ਅਤੇ 2001, 1996 ਕਰਾਚੀ 'ਚ ਜਾਰੀ ਕੀਤੇ ਉਸ ਦੇ ਪਾਸਪੋਰਟਾਂ ਦਾ ਵੀ ਜ਼ਿਕਰ ਸ਼ਾਮਲ ਹੈ। ਇਸ ਦੇ ਬਾਅਦ ਪਾਕਿਸਤਾਨ ਸਰਕਾਰ ਇਸ ਤੋਂ ਮੁੱਕਰ ਚੁੱਕੀ ਹੈ।

ਯੂ ਐਨ ਮੀਟਿੰਗ 'ਚ ਭਾਰਤ ਨੇ ਕਿਹਾ:

## ਸਰਹੱਦ ਪਾਰੋਂ ਦਹਿਸ਼ਤਗਰਦੀ ਦਾ ਵੱਡਾ ਸਰਪ੍ਰਸਤ ਹੈ ਪਾਕਿਸਤਾਨ

ਯੂ ਐਨ, 27 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂ ਯੂ ਐਨ ਵਿੱਚ ਕੀਤੇ ਇਸ ਫਰਜ਼ੀ ਦਾਅਵੇ ਕਿ ਉਹ ਕਈ ਦਹਾਕਿਆਂ ਤੋਂਸਰਹੱਦ ਪਾਰੋਂ ਦਹਿਸ਼ਤਗਰਦੀ ਦਾ ਨਿਸ਼ਾਨਾ ਬਣਦਾ ਆਇਆ ਹੈ, ਕਾਰਨ ਇਸ ਨੂੰ ਲੰਮੇ ਹੱਥੀਂ ਲੈਂਦਿਆਂ ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਇੱਕ ਹੋਰ ਝੂਠ ਫੜਿਆ ਗਿਆ ਹੈ।



ਭਾਰਤ ਨੇ ਕਿਹਾ ਕਿ ਪਾਕਿ ਸਰਹੱਦ ਪਾਰੋਂ ਹੁੰਦੀ ਦਹਿਸ਼ਤਗਰਦੀ ਦਾ ਸਭ ਤੋਂ ਵੱਡਾ ਸਰਪ੍ਰਸਤ ਹੈ ਅਤੇ ਅੱਜ ਉਹ ਆਪਣੇ ਆਪ ਨੂੰ ਅੱਤਵਾਦ ਦਾ ਪੀੜਤ ਦੱਸਣ ਦਾ ਵਿਖਾਵਾ ਕਰਦਾ ਹੈ। ਯੂ ਐਨ ਵਿੱਚ ਭਾਰਤ ਦੇ ਸਥਾਈ ਮਿਸ਼ਨ ਨੇ ਕਿਹਾ ਕਿ ਝੂਠ ਨੂੰ ਸੌ ਵਾਰ ਬੋਲਣ ਨਾਲ ਉਹ ਸੱਚ ਨਹੀਂ ਬਣ ਜਾਂਦਾ। ਉਨ੍ਹਾਂ ਕਿਹਾ, 'ਸਰਹੱਦ ਪਾਰੋਂ ਦਹਿਸ਼ਤਵਾਦ ਦਾ ਸਭ ਤੋਂ ਵੱਡਾ ਸਰਪ੍ਰਸਤ ਆਪਣੇ ਆਪ ਨੂੰ ਅੱਤਵਾਦ ਦਾ ਪੀੜਤ ਦੱਸ ਕੇ ਵਿਖਾਵੇ ਦੇ ਮੁਖੌਟੇ ਪਿੱਛੇ ਲੁਕਣ ਦਾ ਯਤਨ ਕਰ ਰਿਹਾ ਹੈ।' ਵਰਨਣ ਯੋਗ ਹੈ ਕਿ ਪਾਕਿਸਤਾਨੀ ਮਿਸ਼ਨ ਨੇ ਦਾਅਵਾ ਕੀਤਾ ਸੀ ਕਿ ਯੂ ਐਨ ਵਿਚ ਉਹਦੇ ਦੂਤ ਮੁਨੀਰ ਅਕਰਮ ਨੇ ਸੁਰੱਖਿਆ ਕੌਂਸਲ ਵਿੱਚ ਸੰਸਾਰ ਸ਼ਾਂਤੀ ਨੂੰ ਖਤਰਿਆਂ ਤੇ ਦਹਿਸ਼ਤਵਾਦ ਤੋਂ ਸੁਰੱਖਿਆ ਚੁਣੌਤੀ ਸਬੰਧੀ ਰਿਪੋਰਟ 'ਤੇ ਚਰਚਾ ਦੌਰਾਨ ਇੱਕ ਬਿਆਨ ਦਿੱਤਾ ਸੀ। ਇਸ ਮੀਟਿੰਗ ਵਿੱਚ ਕੌਂਸਲ ਦੇ ਗੈਰ ਮੈਂਬਰਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਸੀ।

ਦੂਸਰੇ ਪਾਸੇ ਯੂ ਐਨ ਦੇ ਜਰਮਨ ਮਿਸ਼ਨ ਵੱਲੋਂ ਮੀਟਿੰਗ ਦੀ ਟਵੀਟ ਕੀਤੀ ਤਸਵੀਰ ਵਿੱਚ ਸੁਰੱਖਿਆ ਕੌਂਸਲ ਦੇ 15 ਮੈਂਬਰ ਦੇਸ਼ਾਂ ਦੇ ਨੁਮਾਇੰਦੇ ਹੀ ਨਜ਼ਰ ਆ ਰਹੇ ਹਨ। ਪਾਕਿਸਤਾਨ ਕੌਂਸਲ ਦਾ ਮੈਂਬਰ ਨਹੀਂ। ਭਾਰਤੀ ਮਿਸ਼ਨ ਨੇ ਇੱਕ ਟਵੀਟ ਵਿੱਚ ਕਿਹਾ, ਸਾਨੂੰ ਇਹ ਸਮਝ ਨਹੀਂ ਆਈ ਕਿ ਪਾਕਿਸਤਾਨ ਦੇ ਪੱਕੇ ਨੁਮਾਇੰਦੇ ਨੇ ਇਹ ਬਿਆਨ ਕਦੋਂ ਦਿੱਤਾ, ਸੁਰੱਖਿਆ ਕੌਂਸਲ ਮੀਟਿੰਗ ਵਿਚ ਗੈਰ ਮੈਂਬਰਾਂ ਨੂੰ ਦਾਖਲੇ ਦੀ ਇਜਾਜ਼ਤ ਹੀ ਨਹੀਂ। ਪਾਕਿਸਤਾਨ ਦਾ ਝੂਠ ਫਿਰ ਫੜਿਆ ਗਿਆ ਹੈ। ਇਸ ਨਾਲ ਬਾਕੀ ਦੇਸ਼ਾਂ ਸਾਹਮਣੇ ਪਾਕਿਸਤਾਨ ਦੀ ਸਥਿਤੀ ਹਾਸੋਹੀਣੀ ਹੋ ਗਈ ਹੈ।

## ਕੁਰੈਸ਼ੀ ਦਾ ਕੁਰਸੀ-ਟਰਨ; ਪਾਕਿ ਵਿਦੇਸ਼ ਮੰਤਰੀ ਕਸ਼ਮੀਰ ਸਬੰਧੀ ਸਾਊਦੀ ਅਰਬ ਨੂੰ ਧਮਕੀ ਦੇ ਕੇ ਪਲਟ ਗਿਆ

ਇਸਲਾਮਾਬਾਦ, 27 ਅਗਸਤ (ਪੋਸਟ ਬਿਊਰੋ)- ਸਾਊਦੀ ਅਰਬ ਅਤੇ ਇਸਲਾਮੀ ਸਹਿਯੋਗੀ ਸੰਗਠਨ (ਓ ਆਈ ਸੀ) ਨੂੰ ਕਸ਼ਮੀਰ ਬਾਰੇ ਧਮਕੀ ਦੇਣ ਵਾਲੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਆਪਣੇ ਬਿਆਨ ਤੋਂ ਪਲਟ ਗਏ ਹਨ। ਕੁਰੈਸ਼ੀ ਨੇ ਕਿਹਾ ਕਿ ਸਾਊਦੀ ਅਰਬ ਤੇ ਪਾਕਿਸਤਾਨ ਵਿਚਾਲੇ ਦਿਲਾਂ ਦਾ ਰਿਸ਼ਤਾ ਹੈ। ਉਨ੍ਹਾਂ ਨੇ ਸਾਊਦੀ ਅਰਬ ਵੱਲੋਂ ਆਪਣੇ ਤਿੰਨ ਅਰਬ ਡਾਲਰ ਵਾਪਸ ਮੰਗਣ ਨੂੰ ਵੀ ਮੀਡੀਆ ਦੀਆਂ ਅਟਕਲਾਂ ਦੱਸ ਕੇ ਰੱਦ ਕੀਤਾ ਹੈ।

ਵਿਦੇਸ਼ ਮੰਤਰੀ ਕੁਰੈਸ਼ੀ ਵਿੱਚ ਇਹ ਬਦਲਾਅ ਪਾਕਿਸਤਾਨੀ ਫੌਜ ਦੇ ਦਬਾਅ ਦਾ ਅਸਰ ਦੱਸਿਆ ਜਾਂਦਾ ਹੈ। ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਸਾਊਦੀ ਅਰਬ ਤੋਂ ਖਾਲੀ ਹੱਥ ਪਰਤਣ ਪਿੱਛੋਂ ਕੁਰੈਸ਼ੀ ਦਾ ਇਹ ਨਵਾਂ ਬਿਆਨ ਆਇਆ ਹੈ। ਕੁਰੈਸ਼ੀ ਨੇ ਦਾਅਵਾ ਕੀਤਾ ਕਿ ਸਾਊਦੀ ਅਰਬ ਨਾਲ ਉਨ੍ਹਾਂ ਦੇ ਸਬੰਧ ਪਹਿਲਾਂ ਵਰਗੇ ਮਜ਼ਬੂਤ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਸ਼ਮੀਰ ਮੁਦੇ 'ਤੇ ਸਾਊਦੀ ਅਰਬ ਦੇ ਰੁਖ਼ 'ਚ ਕੋਈ ਬਦਲਾਅ ਨਹੀਂ ਆਇਆ।



ਵਰਨਣ ਯੋਗ ਹੈ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਪਿਛਲੇ ਦਿਨੀਂ ਆਪਣੇ ਪੁਰਾਣੇ ਮਿੱਤਰ ਸਾਊਦੀ ਅਰਬ ਨੂੰ ਧਮਕੀ ਦੇਂਦਿਆਂ ਕਿਹਾ ਸੀ ਕਿ ਓ ਆਈ ਸੀ ਕਸ਼ਮੀਰ ਬਾਰੇ ਆਪਣੇ ਵਿਦੇਸ਼ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਬੁਲਾਉਣ 'ਚ ਨਾ-ਨੁੱਕਰ ਬੰਦ ਕਰੇ। ਉਨ੍ਹਾਂ ਕਿਹਾ ਕਿ ਮੈਂ ਇੱਕ ਵਾਰ ਫਿਰ ਪੂਰੇ ਸਨਮਾਨ ਨਾਲ ਓ ਆਈ ਸੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਿਦੇਸ਼ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਸਾਡੀ ਉਮੀਦ ਹੈ। ਜੇ ਤੁਸੀਂ ਇਸ ਨੂੰ ਬੁਲਾ ਨਹੀਂ ਸਕਦੇ ਤਾਂ ਮੈਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋਵਾਂਗਾ ਕਿ ਉਹ ਉਨ੍ਹਾਂ ਇਸਲਾਮਿਕ ਦੇਸ਼ਾਂ ਦੀ ਮੀਟਿੰਗ ਬੁਲਾਉਣ ਜੋ ਕਸ਼ਮੀਰ ਦੇ ਮੁੱਦੇ 'ਤੇ ਸਾਡੇ ਨਾਲ ਖੜੇ ਹੋਣ ਲਈ ਤਿਆਰ ਹਨ। ਦੂਜੇ ਪਾਸੇ ਪਾਕਿਸਤਾਨ ਦੇ ਪੱਤਰਕਾਰਾਂ ਰਾਊਫ ਕਾਲਸਰਾ ਅਤੇ ਅਮੀਰ ਮਤੇਨ ਨੇ ਸਾਊਦੀ ਅਰਬ ਬਾਰੇ ਸ਼ਾਹ ਮਹਿਮੂਦ ਕੁਰੈਸ਼ੀ ਦੇ ਬਿਆਨ ਨੂੰ ਇੱਕ ਵੱਡਾ ਯੂ-ਟਰਨ ਦੱਸਿਆ ਤੁ ਕਿਹਾ ਕਿ ਕੁਰੈਸ਼ੀ ਨੇ ਚੀਨ ਤੋਂ ਪਰਤਣ ਪਿੱਛੋਂ ਆਪਣੇ ਲਹਿਜ਼ੇ ਅਤੇ ਨੁਕਤੇ ਨੂੰ ਸਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਸ਼ਾਹ ਮਹਿਮੂਦ ਕੁਰੈਸ਼ੀ ਦੀ ਤਾਜ਼ਾ ਟਿੱਪਣੀ ਸਹੀ ਹੈ, ਤਾਂ ਉਨ੍ਹਾਂ ਦਾ ਪਹਿਲਾਂ ਬਿਆਨ ਹਾਸੋਹੀਣਾ ਸੀ। ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਟਿਕ-ਟਾਕ ਵੱਲੋਂ ਲੈਣ-ਦੇਣ ਉੱਤੇ ਪਾਬੰਦੀ ਦੇ ਮੁੱਦੇ ਤੋਂ ਟਰੰਪ ਦੇ ਵਿਰੁੱਧ ਕੇਸ ਦਾਇਰ

ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ)- ਚੀਨ ਦੇ ਵਿਵਾਦ ਪੂਰਨ ਮੋਬਾਈਲ ਐਪ ਟਿਕ ਟਾਕ ਨੇ ਆਪਣੀ ਕੰਪਨੀ ਬਾਈਟਡਾਂਸ ਦੇ ਨਾਲ ਲੈਣ-ਦੇਣ 'ਤੇ ਪਾਬੰਦੀ ਲਾਉਣ ਵਾਲੇ ਡੋਨਾਲਡ ਟਰੰਪ ਸਰਕਾਰ ਦੇ ਕਾਰਜਕਾਰੀ ਹੁਕਮਾਂ ਵਿਰੁੱਧ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਕੰਪਨੀ ਨੇ ਬੀਤੇ ਸੋਮਵਾਰ ਇਸ ਬਾਰੇ ਟਰੰਪ ਸਰਕਾਰ ਦੇ ਕਾਰਜਕਾਰੀ ਹੁਕਮਾਂ ਦੇ ਵਿਰੁੱਧ ਮੁਕ-ਦਮਾ ਦਰਜ ਕਰਵਾਇਆ ਹੈ।

ਟਿਕ ਟਾਕ ਨੇ 39 ਸਫਿਆਂ ਦੇ ਕੇਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਵਪਾਰ ਮੰਤਰੀ ਵਿਲਬੁਰ ਰੌਸ ਅਤੇ ਅਮਰੀਕਾ ਦੇ ਵਪਾਰ ਮੰਤਰਾਲੇ ਨੂੰ ਇਸ ਕੇਸ ਦੀ ਧਿਰ ਵਜੋਂ ਸੂਚੀਬੱਧ ਕੀਤਾ ਹੈ। ਟਿਕ ਟਾਕ ਦੇ ਮੁਤਾਬਕ ਅਮਰੀਕੀ ਪ੍ਰਸ਼ਾਸਨ ਨੇ ਬਿਨਾਂ ਕਿਸੇ ਸਬੂਤ ਦੇ ਉਸ ਦੇ ਖਿਲਾਫ ਇੰਨੀ ਸਖਤ ਕਾਰਵਾਈ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਇਹ



ਕਾਰਜਕਾਰੀ ਹੁਕਮ ਅੰਤਰਰਾਸ਼ਟਰੀ ਹੰਗਾਮੀ ਆਰਥਿਕ ਸ਼ਕਤੀ ਐਕਟ (ਆਈ ਈ ਈ ਪੀ ਏ) ਦੀ ਉਲੰਘਣਾ ਹੈ। ਕੰਪਨੀ ਨੇ ਅਮਰੀਕੀ ਰਾਸ਼ਟਰਪਤੀ 'ਤੇ ਦੋਸ਼ ਲਾਇਆ ਹੈ ਕਿ ਇਹ ਕਾਰਜਕਾਰੀ ਹੁਕਮ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਦੇ ਮੱਦੇਨਜ਼ਰ ਨਹੀਂ, ਬਲਕਿ ਸਿਆਸੀ ਕਾਰਨਾਂ ਕਰ ਕੇ ਜਾਰੀ ਕੀਤਾ ਗਿਆ ਹੈ। ਕੰਪਨੀ ਦੇ ਮੁਤਾਬਕ ਇਹ ਕਾਰਜਕਾਰੀ ਹੁਕਮ ਅਸੰਵਿਧਾਨਕ ਅਤੇ ਗੈਰ-ਕਾਨੂੰਨੀ ਦੋਵੇਂ ਹੀ ਹਨ।

ਵਾਹ ਕਯਾ ਦੇਸ਼ ਭਗਤੀ ਹੈ :

## ਪਾਕਿ ਦੇ ਸਾਬਕਾ ਰਾਜਦੂਤ ਨੇ ਬਿਨਾਂ ਪੁੱਛੇ ਦੂਤਘਰ ਹੀ ਵੇਚ ਦਿੱਤਾ

ਇਸਲਾਮਾਬਾਦ, 27 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਨੇਤਾ ਅਤੇ ਅਧਿਕਾਰੀ ਜੋ ਵੀ ਕਰਨ, ਉਸ 'ਤੇ ਹੈਰਾਨੀ ਨਹੀਂ ਹੋਣੀ ਚਾਹੀਦੀ। ਅਜਿਹੇ ਇੱਕ ਮਾਮਲੇ 'ਚ ਇੰਡੋਨੇਸ਼ੀਆ 'ਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਨੇ ਦੇਸ਼ ਦੇ ਦੂਤਘਰ ਦੀ ਇਮਾਰਤ ਬਿਨਾਂ ਪੁੱਛੇ ਹੀ ਵੇਚ ਦਿੱਤੀ ਸੀ।



ਇਹ ਖੁਲਾਸਾ ਨੈਸ਼ਨਲ ਅਕਾਊਂਟੇਬਿਲਿਟੀ ਬਿਊਰੋ (ਐਨ ਏ ਬੀ) ਦੀ ਜਾਂਚ ਰਿਪੋਰਟ 'ਚ ਹੋਇਆ ਹੈ। ਐਨ ਏ ਬੀ ਨੇ ਸੇਵਾਮੁਕਤ ਮੇਜਰ ਜਰਨਲ ਸਈਅਦ ਮੁਸਤਫਾ ਅਨਵਰ ਦੇ ਖ਼ਿਲਾਫ਼ ਅਦਾਲਤ 'ਚ ਸਬੂਤ ਸਮੇਤ ਕੇਸ ਦਾਇਰ ਕਰ ਦਿੱਤਾ ਹੈ। ਅਦਾਲਤ 'ਚ ਪੇਸ਼ ਅਰਜ਼ੀ 'ਚ ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਸੰਸਥਾ ਨੇ ਕਿਹਾ ਕਿ ਇਸ ਨਾਜਾਇਜ਼ ਸੌਦੇ ਨਾਲ ਪਾਕਿਸਤਾਨੀ ਖਜ਼ਾਨੇ ਨੂੰ ਲੱਗਭਗ 1.32 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਇਹ ਇਮਾਰਤ 2001-2002 ਦੌਰਾਨ ਜਕਾਰਤਾ 'ਚ ਵੇਚੀ ਗਈ। ਪਤਾ ਲੱਗਾ ਹੈ ਕਿ ਇੰਡੋਨੇਸ਼ੀਆ 'ਚ ਰਾਜਦੂਤ ਨਿਯੁਕਤ ਹੁੰਦੇ ਸਾਰ ਮੁਸਤਫਾ ਨੇ ਦੂਤਘਰ ਦੀ ਇਮਾਰਤ ਨੂੰ ਵੇਚਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਇਸ ਦੇ ਲਈ ਪਾਕਿਸਤਾਨੀ ਵਿਦੇਸ਼ ਮੰਤਰਾਲਾ ਤੋਂ ਪੁੱਛੇ ਬਿਨਾਂ ਇੰਡੋਨੇਸ਼ੀਆ ਦੀਆਂ ਅਖ਼ਬਾਰਾਂ 'ਚ ਇਸ਼ਤਿਹਾਰ ਦਿੱਤੇ ਗਏ। ਜਦੋਂ ਸੌਦਾ ਹੋ ਗਿਆ ਤਾਂ ਉਸ ਦੀ ਸੂਚਨਾ ਦੇਣ ਲਈ ਮੁਸਤਫਾ ਨੇ ਪਾਕਿਸਤਾਨੀ ਵਿਦੇਸ਼ ਮੰਤਰਾਲਾ ਨੂੰ ਪੱਤਰ ਲਿਖਿਆ। ਵਿਦੇਸ਼ ਮੰਤਰਾਲਾ ਨੇ ਇਸ ਨਾਜਾਇਜ਼ ਸੌਦੇ ਲਈ ਰਾਜਦੂਤ ਤੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੇ ਕਈ ਵਾਰ ਪੁੱਛੇ ਜਾਣ ਤੋਂ ਬਾਅਦ ਵੀ ਤਸੱਲੀ ਬਖ਼ਸ਼ ਜਵਾਬ ਨਹੀਂ ਦਿੱਤਾ।

## ਪੁਲਵਾਮਾ ਹਮਲਾ ਕੇਸ ਦੇ ਦੋਸ਼ ਪੱਤਰ ਵਿੱਚ ਮਸੂਦ ਸਣੇ 19 ਸ਼ਾਮਲ

ਜੰਮੂ, 27 ਅਗਸਤ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਦੱਖਣੀ ਕਸ਼ਮੀਰ ਵਿੱਚ ਪਿਛਲੇ ਸਾਲ ਸੀ ਆਰ ਪੀ ਐਫ ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਦਹਿਸ਼ਤੀ ਹਮਲੇ, ਜਿਸ ਵਿੱਚ ਚਾਲੀ ਸੁਰੱਖਿਆ ਮੁਲਾਜ਼ਮਾਂ ਦੀ ਮੌਤ ਹੋ ਗਈ ਸੀ, ਦੀ ਜਾਂਚ ਨੂੰ ਮੁਕੰਮਲ ਕਰਦਿਆਂ ਇਥੋਂ ਦੀ ਵਿਸ਼ੇਸ਼ ਅਦਾਲਤ ਵਿੱਚ ਦੋਸ਼ ਪੱਤਰ ਦਾਖਲ ਕਰ ਦਿੱਤਾ ਹੈ। ਇਸ ਵਿੱਚ ਇਸ ਹਮਲੇ ਦੀ ਯੋਜਨਾ ਲਈ ਦਹਿਸ਼ਤਗਰਦ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਸਮੇਤ 19 ਵਿਅਕਤੀਆਂ ਦੇ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਇਸ ਵਿੱਚ ਲੋੜੀਂਦੇ ਸੱਤ ਮੁਲਜ਼ਮ ਪਿਛਲੇ ਸਾਲ ਵਾਦੀ ਵਿੱਚ ਹੋਏ ਵੱਖ-ਵੱਖ ਮੁਕਾਬਲਿਆਂ ਦੌਰਾਨ ਮਾਰੇ ਜਾ ਚੁੱਕੇ ਹਨ। ਐਨ ਆਈ ਏ ਦੇ ਡਾਇਰੈਕਟਰ ਅਨਿਲ ਸ਼ੁਕਲਾ ਦੀ ਅਗਵਾਈ ਵਾਲੀ ਟੀਮ ਨੇ ਜਾਂਚ ਦੌਰਾਨ ਇਸ ਅੰਨ੍ਹੇ ਕੇਸ ਵਿੱਚ ਜਿੱਥੇ ਸਬੂਤ ਇਕੱਠੇ ਕੀਤੇ, ਉਥੇ ਵੱਖ-ਵੱਖ ਕੇਸਾਂ ਵਿੱਚ ਗ੍ਰਿਫਤਾਰ ਦਹਿਸ਼ਤਗਰਦਾਂ ਤੇ ਉਨ੍ਹਾਂ ਦੇ ਹਮਾਇਤੀਆਂ ਦੇ ਬਿਆਨ ਦਰਜ ਕੀਤੇ ਤੇ ਇਸ ਹਮਲੇ ਦੀ ਸਾਜ਼ਿਸ਼ ਤੋਂ ਪਰਦਾ ਚੁੱਕਿਆ ਸੀ। ਕੁੱਲ 13500 ਸਫਿਆਂ ਦੀ ਚਾਰਜਸ਼ੀਟ ਵਿੱਚ ਮਸੂਦ ਅਜ਼ਹਰ, ਉਸ ਦੇ ਭਰਾ ਅਬਦੁਲ ਰਾਊਫ਼ ਅਤੇ ਅੱਮਾਰ ਅਲਵੀ, ਉਸ ਦੇ ਭਤੀਜੇ ਮੁਹੰਮਦ ਉਮਰ ਫਾਰੂਕ ਦੇ ਨਾਂਅ ਸ਼ਾਮਲ ਹਨ। ਫਾਰੂਕ ਸਾਲ 2018 ਵਿੱਚ ਭਾਰਤ ਵਿੱਚ ਦਾਖਲ ਹੋਇਆ ਅਤੇ ਦੱਖਣੀ ਕਸ਼ਮੀਰ ਵਿੱਚ ਮੁਕਾਬਲੇ ਦੌਰਾਨ ਮਾਰਿਆ ਗਿਆ ਸੀ।

# ਫੈਡਰਲ ਸਰਕਾਰ ਵੱਲੋਂ ਓਨਟਾਰੀਓ ਨੂੰ ਮਿਲੇਗੀ 762 ਮਿਲੀਅਨ ਡਾਲਰ ਦੀ ਮਦਦ

ਓਨਟਾਰੀਓ, 27 ਅਗਸਤ (ਪੋਸਟ ਬਿਊਰੋ) : ਸਤੰਬਰ ਵਿੱਚ ਮੁੜ ਖੁੱਲ੍ਹਣ ਜਾ ਰਹੇ ਸਕੂਲਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਫੈਡਰਲ ਸਰਕਾਰ ਵੱਲੋਂ ਓਨਟਾਰੀਓ ਨੂੰ 762 ਮਿਲੀਅਨ ਡਾਲਰ ਦੀ ਮਦਦ ਮਿਲੇਗੀ।



ਫੈਡਰਲ ਸਰਕਾਰ ਵੱਲੋਂ ਦੇਸ਼ ਭਰ ਵਿੱਚ ਸੇਫ ਰੀਸਟਾਰਟ ਪਲੈਨ ਲਈ ਜਿਹੜੇ 2 ਬਿਲੀਅਨ ਡਾਲਰ ਐਲਾਨੇ ਗਏ ਸਨ ਇਹ ਰਕਮ ਉਸ ਦਾ ਹੀ ਹਿੱਸਾ ਹੈ।

ਓਨਟਾਰੀਓ ਲਈ ਪ੍ਰਤੀ ਵਿਅਕਤੀ ਸ਼ੇਅਰ ਦੋ ਹਿੱਸਿਆਂ ਵਿੱਚ ਡਲਿਵਰ ਕੀਤਾ ਜਾਵੇਗਾ-ਜਿਸ ਵਿੱਚ ਸਤੰਬਰ ਵਿੱਚ ਬੈਕ ਟੂ ਸਕੂਲ ਪਲੈਨ ਲਈ 381 ਮਿਲੀਅਨ ਡਾਲਰ ਤੇ ਸੰਭਾਵੀ ਤੌਰ ਉੱਤੇ ਵਾਇਰਸ ਦੀ ਜਨਵਰੀ ਵਿੱਚ ਆਉਣ ਵਾਲੀ ਦੂਜੀ ਵੇਵ ਦੌਰਾਨ ਉਦੋਂ ਦਿੱਤਾ ਜਾਵੇਗਾ। ਇਹ ਰਕਮ ਸਕੂਲਾਂ ਲਈ ਵਾਧੂ ਜੈਨੀਟਰਜ਼, ਪਬਲਿਕ ਹੈਲਥ ਨਰਸਾਂ, ਅਧਿਆਪਕਾਂ ਦੀਆਂ ਸੇਵਾਵਾਂ ਲੈਣ ਤੇ ਸਕੂਲਾਂ ਵਿੱਚ ਸਹੀ ਵੈਂਟੀਲੇਸ਼ਨ ਦਾ ਇੰਤਜ਼ਾਮ ਕਰਨ ਲਈ ਐਚਵੀਏਸੀ ਸਿਸਟਮ ਇਨਸਟਾਲ ਕਰਨ ਲਈ ਖਰਚੀ ਜਾਵੇਗੀ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਓਨਟਾਰੀਓ ਵਿੱਚ ਸਕੂਲਾਂ ਨੂੰ ਸੇਫ ਤੇ ਸਿਹਤਮੰਦ ਰੱਖਣ ਲਈ ਸਾਡੀ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੇ ਨਿਵੇਸ਼ ਵਿੱਚ ਫੈਡਰਲ ਸਰਕਾਰ ਵੱਲੋਂ ਪਾਇਆ ਜਾ ਰਿਹਾ ਇਹ ਯੋਗਦਾਨ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਪ੍ਰੋਵਿੰਸ ਵੱਲੋਂ ਸਕੂਲਾਂ ਨੂੰ ਮੁੜ ਖੋਲ੍ਹਣ ਦੀ ਆਪਣੀ ਯੋਜਨਾ ਲਈ ਪ੍ਰੋਵਿੰਸ ਵੱਲੋਂ 359 ਮਿਲੀਅਨ ਡਾਲਰ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਸਕੂਲ ਬੋਰਡਜ਼ ਨੂੰ ਵੀ ਇਹ ਇਜਾਜ਼ਤ ਦਿੱਤੀ ਗਈ ਹੈ ਕਿ ਉਹ ਕਲਾਸਾਂ ਦਾ ਆਕਾਰ ਘਟਾਉਣ ਲਈ ਵਾਧੂ ਅਧਿਆਪਕਾਂ ਦੀਆਂ ਸੇਵਾਵਾਂ ਲੈਣ ਲਈ ਆਪਣੇ ਰਾਖਵੇਂ ਫੰਡਾਂ ਦੀ ਵਰਤੋਂ ਵੀ ਕਰ ਸਕਦੇ ਹਨ।

ਇਸ ਦੌਰਾਨ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਆਰਥਿਕ ਮਦਦ ਨੂੰ ਸਵੀਕਾਰ ਕਰਕੇ ਪ੍ਰੀਮੀਅਰ ਡੱਗ ਫੋਰਡ ਇਹ ਮੰਨ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਲੋੜੀਂਦਾ ਨਿਵੇਸ਼ ਨਹੀਂ ਕੀਤਾ। ਹੌਰਵਥ ਨੇ ਫੋਰਡ ਤੋਂ ਮੰਗ ਕੀਤੀ ਕਿ ਉਹ ਮਾਪਿਆਂ ਤੇ ਐਜੂਕੇਟਰਜ਼ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਫੈਡਰਲ ਸਰਕਾਰ ਵੱਲੋਂ ਕੀਤੇ ਜਾ ਰਹੇ ਨਿਵੇਸ਼ ਨੂੰ ਦੁੱਗਣਾ ਕਰਨ।

## ਅੱਤਵਾਦੀ ਜਥੇਬੰਦੀ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਵਾਲੀ ਮਹਿਲਾ ਖਿਲਾਫ ਲਾਏ ਗਏ ਚਾਰਜਿਜ਼



ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਕਥਿਤ ਤੌਰ ਉਤੇ ਆਈਐਸਆਈਐਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਵਾਲੀ ਟੋਰਾਂਟੋ ਦੀ ਇੱਕ ਮਹਿਲਾ ਖਿਲਾਫ ਅੱਤਵਾਦ ਨਾਲ ਸਬੰਧਤ ਚਾਰਜਿਜ਼ ਲਾਏ ਗਏ ਹਨ।

ਆਰਸੀਐਮਪੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਹਲੀਨਾ ਮੁਸਤਫਾ ਨੂੰ ਕੈਨੇਡਾ ਤੋਂ ਬਾਹਰ ਜਾ ਕੇ ਅੱਤਵਾਦੀ ਜਥੇਬੰਦੀ ਦੀਆਂ ਗਤੀਵਿਧੀਆਂ ਵਿੱਚ ਹਿਸਾ ਲੈਣ ਲਈ ਚਾਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਸੰਬਰ ਵਿੱਚ ਇਸ ਮਹਿਲਾ ਦੇ ਪਤੀ ਗੁਐਲਫ, ਓਨਟਾਰੀਓ ਦੇ ਇਕਾਰ ਮਾਓ ਨੂੰ ਵੀ ਅੱਤਵਾਦ ਸਬੰਧੀ ਦੋ ਮਾਮਲਿਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਇਸ ਸਮੇਂ ਵੀ ਹਿਰਾਸਤ ਵਿੱਚ ਹੈ।

ਆਰਸੀਐਮਪੀ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਜੋੜਾ ਦਸ ਮਹੀਨੇ ਪਹਿਲਾਂ ਆਈਐਸਆਈਐਸ ਵਿੱਚ ਸ਼ਾਮਲ ਹੋਣ ਲਈ ਤੁਰਕੀ ਗਿਆ ਸੀ ਤੇ ਇਨ੍ਹਾਂ ਦੋਵਾਂ ਨੂੰ ਇਸ ਟਰਿੱਪ ਦੇ ਸਬੰਧ ਵਿੱਚ ਹੀ ਚਾਰਜ ਕੀਤਾ ਗਿਆ ਹੈ।

## ਕੈਬੇਜਟਾਊਨ ਵਿੱਚ ਛੁਰੇਬਾਜ਼ੀ ਕਾਰਨ ਇੱਕ ਮਹਿਲਾ ਦੀ ਮੌਤ




ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਕੈਬੇਜਟਾਊਨ ਕਨਵੀਨੀਐਂਸ ਸਟੋਰ ਵਿੱਚ ਜਿਸ 30 ਸਾਲਾ ਮਹਿਲਾ ਨੂੰ ਚਾਕੂ ਮਾਰਿਆ ਗਿਆ ਸੀ, ਉਸ ਦੀ ਮੌਤ ਹੋ ਗਈ। ਇਹ ਘਟਨਾ ਸ਼ੇਰਬੌਰਨ ਤੇ ਡੰਡਸ ਸਟਰੀਟ ਨੇੜੇ ਸਵੇਰੇ 10:00 ਵਜੇ ਵਾਪਰੀ। ਪੁਲਿਸ ਅਧਿਕਾਰੀਆਂ ਨੇ ਇੱਕ ਮਹਿਲਾ ਨੂੰ ਹੱਥ ਵਿੱਚ ਚਾਕੂ ਲੈ ਕੇ ਘੁੰਮਦਿਆਂ ਵੇਖਿਆ। ਜ਼ਖ਼ਮੀ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਦੀ ਹੋਮੀਸਾਈਡ ਸਕੁਐਡ ਵੱਲੋਂ ਮਾਮਲੇ ਦੀ ਜਾਂਚ ਦਾ ਕੰਮ ਆਪਣੇ ਹੱਥਾਂ ਵਿੱਚ ਲੈ ਲਿਆ ਗਿਆ ਹੈ। ਇਹ ਛੁਰੇਬਾਜ਼ੀ ਦੀ ਘਟਨਾ ਕਿਉਂ ਵਾਪਰੀ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

## ਕੋਰਚਿੰਸਕੀ ਦੀ ਮੌਤ ਦੇ ਮਾਮਲੇ ਵਿੱਚ ਐਸਆਈਯੂ ਨੇ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਕਲੀਨ ਚਿੱਟ

ਟੋਰਾਂਟੋ, 27 ਅਗਸਤ (ਪੋਸਟ ਬਿਊਰੋ) : ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਦਾ ਕਹਿਣਾ ਹੈ ਕਿ 29 ਸਾਲਾ ਰੈਜਿਸ ਕੋਰਚਿੰਸਕੀ ਪੈਕੁਏ ਦੀ ਮੌਤ ਦੇ ਸਬੰਧ ਵਿੱਚ ਕਿਸੇ ਵੀ ਪੁਲਿਸ ਅਧਿਕਾਰੀ ਖਿਲਾਫ ਮੁਜਰਮਾਨਾਂ ਕਾਰਵਾਈ ਦਾ ਕੋਈ ਕਾਰਨ ਨਹੀ ਬਣਦਾ।



ਐਸਆਈਯੂ ਨੇ ਆਖਿਆ ਕਿ ਸਬੂਤਾਂ ਦੀ ਪੜਚੋਲ ਕਰਨ ਤੋਂ ਬਾਅਦ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਦੇ ਡਾਇਰੈਕਟਰ ਜੋਸਫ ਮਾਰਟੀਨੋ ਨੇ ਇਹ ਪੁਸ਼ਟੀ ਕੀਤੀ ਹੈ ਕਿ ਪੈਕੁਏ ਦੀ ਮੌਤ ਦੇ ਸਬੰਧ ਵਿੱਚ ਕਿਸੇ ਵੀ ਪੁਲਿਸ ਅਧਿਕਾਰੀ ਵੱਲੋਂ ਮੁਜਰਮਾਨਾਂ ਅਪਰਾਧ ਕਰਨ ਦੇ ਕੋਈ ਸਬੂਤ ਨਹੀ ਹਨ। ਐਸਆਈਯੂ ਦਾ ਕਹਿਣਾ ਹੈ ਕਿ ਜਾਂਚ ਵਜੋ ਛੇ ਪੁਲਿਸ ਅਧਿਕਾਰੀਆਂ ਦੀ ਇੰਟਰਵਿਊ ਕੀਤੀ ਗਈ, ਇਸ ਦੇ ਨਾਲ ਹੀ 15 ਚਸ਼ਮਦੀਦਾਂ ਤੋਂ ਵੀ ਪੁੱਛ ਗਿੱਛ ਕੀਤੀ ਗਈ। ਇੱਥੋਂ ਤੱਕ ਕਿ ਕੋਰਚਿੰਸਕੀ ਦੀ ਮਾਂ ਤੇ ਭਰਾ ਤੋਂ ਵੀ ਪੁੱਛਗਿੱਛ ਕੀਤੀ ਗਈ, ਜੋ ਕਿ ਉਸ ਸਮੇਂ ਉਸ ਇਲਾਕੇ ਵਿੱਚ ਹੀ ਮੌਜੂਦ ਸਨ। ਕੋਰਚਿੰਸਕੀ ਦੇ ਪਿਤਾ ਤੋਂ ਬਿਆਨ ਲਿਆ ਗਿਆ, ਜਿਨ੍ਹਾਂ ਨਾਲ ਉਹ ਬਿਲਡਿੰਗ ਤੋਂ ਡਿੱਗਣ ਤੋਂ ਪਹਿਲਾਂ ਫੋਨ ਉਤੇ ਗੱਲ ਕਰ ਰਹੀ ਸੀ। ਜ਼ਿਕਰਯੋਗ ਹੈ ਕਿ ਟੋਰਾਂਟੋ ਦੀ ਇਸ ਮਹਿਲਾ ਦੀ 27 ਮਈ ਨੂੰ ਆਪਣੇ ਅਪਾਰਟਮੈਂਟ ਦੀ 24ਵੀਂ ਮੰਜ਼ਿਲ ਦੀ ਬਾਲਕਨੀ ਤੋਂ ਡਿੱਗਣ ਕਾਰਨ ਮੌਤ ਹੋ ਗਈ ਸੀ। ਪੁਲਿਸ ਨੂੰ ਵੀ ਉਸ ਦੇ ਘਰ ਸੱਦਿਆ ਗਿਆ ਸੀ। ਬਾਅਦ ਵਿੱਚ ਇਹ ਚਰਚਾ ਚੱਲ ਪਈ ਕਿ ਪੁਲਿਸ ਵੱਲੋਂ ਹੀ ਕੋਰਚਿੰਸਕੀ ਨੂੰ ਬਾਲਕਨੀ ਵਿੱਚੋਂ ਧੱਕਾ ਦਿੱਤਾ ਗਿਆ।

## ਸਾਡੇ ਨਾਲ ਸਬੰਧ ਸੁਧਾਰਨ ਲਈ ਪਹਿਲ ਕਰੇ ਕੈਨੇਡਾ : ਚੀਨ

ਓਟਵਾ, 27 ਅਗਸਤ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਵੱਲੋਂ ਪਿੱਛੇ ਜਿਹੇ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਨੂੰ ਰਿਹਾਅ ਕੀਤੇ ਜਾਣ ਦੀ ਕੀਤੀ ਗਈ ਮੰਗ ਨੂੰ ਬੀਜਿੰਗ ਵੱਲੋਂ ਠੁਕਰਾ ਦਿੱਤਾ ਗਿਆ। ਚੀਨ ਦਾ ਕਹਿਣਾ ਹੈ ਕਿ ਜੇ ਕੈਨੇਡਾ ਆਪਣੇ ਦੋਵਾਂ ਨਾਗਰਿਕਾਂ ਦੀ ਰਿਹਾਈ ਚਾਹੁੰਦਾ ਹੈ ਤਾਂ ਉਸ ਨੂੰ ਪਹਿਲ ਕਰਨੀ ਹੋਵੇਗੀ।



ਸ਼ੈਂਪੇਨ ਵੱਲੋਂ ਰੋਮ ਵਿੱਚ ਆਪਣੇ ਹਮਰੁਤਬਾ ਚੀਨੀ ਅਧਿਕਾਰੀ ਵੈਂਗ ਯੀ ਨਾਲ ਮੀਟਿੰਗ ਦੌਰਾਨ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਤੇ ਕਾਰੋਬਾਰੀ ਮਾਈਕਲ ਸਪੇਵਰ ਦਾ ਮੁੱਦਾ ਉਠਾਇਆ ਗਿਆ ਸੀ। ਕੈਨੇਡੀਅਨ ਮੰਤਰੀ ਕਈ ਦੇਸ਼ਾਂ ਦੇ ਦੌਰੇ ਦੌਰਾਨ ਰੋਮ ਗਏ ਸਨ। ਜ਼ਿਕਰਯੋਗ ਹੈ ਕਿ ਚੀਨ ਦੀ ਟੈਲੀਕੌਮ ਕੰਪਨੀ ਹੁਆਵੇ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਹੀ ਦੋਵਾਂ ਕੈਨੇਡੀਅਨ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਂਗ ਫਰੌਡ ਦੇ ਚਾਰਜਿਜ਼ ਵਿੱਚ ਅਮਰੀਕਾ ਵਿੱਚ ਵਾਂਟਿਡ ਸੀ।

ਮੈਂਗ, ਜਿਸ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ, ਦੀ ਅਮਰੀਕਾ ਨੂੰ ਇਸ ਸਮੇਂ ਸੰਭਾਵੀ ਹਵਾਲਗੀ ਕਰਨ ਦੀ ਤਿਆਰੀ ਚੱਲ ਰਹੀ ਹੈ। ਦੂਜੇ ਪਾਸੇ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਓ ਲਿਜ਼ੀਆਨ ਨੇ ਬੁੱਧਵਾਰ ਨੂੰ ਬੀਜਿੰਗ ਵਿੱਚ ਕੀਤੀ ਨਿਊਜ਼ ਕਾਨਫਰੰਸ ਦੌਰਾਨ ਆਖਿਆ ਕਿ ਉਹ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦੇ ਹਨ ਕਿ ਚੀਨ ਤੇ ਕੈਨੇਡਾ ਦਰਮਿਆਨ ਵਿਗੜੇ ਰਿਸ਼ਤਿਆਂ ਲਈ ਚੀਨ ਜ਼ਿੰਮੇਵਾਰ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡੀਅਨਾਂ ਨੂੰ ਸਮੱਸਿਆ ਦੀ ਜੜ੍ਹ ਦਾ ਪਤਾ ਹੈ। ਇਸ ਲਈ ਆਪਣੀ ਗਲਤੀ ਸੁਧਾਰਨ ਦਾ ਇਹ ਸਹੀ ਮੌਕਾ ਹੈ ਤੇ ਗਲਤੀਆਂ ਨੂੰ ਠੀਕ ਕਰਨ ਅਤੇ ਦੁਵੱਲੇ ਸਬੰਧਾਂ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਉਨ੍ਹਾਂ ਨੂੰ ਪਹਿਲ ਕਰਨੀ ਹੋਵੇਗੀ।

## 19 ਘੰਟੇ ਮਲਬੇ 'ਚ ਦੱਬਿਆ ਰਿਹਾ ਬੱਚਾ ਜ਼ਿੰਦਾ ਨਿਕਲਿਆ

ਮੁੰਬਈ, 27 ਅਗਸਤ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿੱਚ ਪੰਜ ਮੰਜ਼ਿਲਾ ਰਿਹਾਇਸ਼ੀ ਇਮਾਰਤ ਦੇ ਮਲਬੇ ਵਿੱਚੋਂ ਬਚਾਅ ਕਾਰਜ ਚੱਲਦੇ ਦੌਰਾਨ ਚਾਰ ਸਾਲ ਦੇ ਇੱਕ ਬੱਚੇ ਨੂੰ ਜ਼ਿੰਦਾ ਬਚਾ ਲਿਆ ਗਿਆ। 19 ਘੰਟਿਆਂ ਤੱਕ ਮਲਬੇ ਦੇ ਅੰਦਰ ਰਹਿਣ ਤੋਂ ਬਾਅਦ ਮੁਹੰਮਦ ਨਦੀਮ ਨੂੰ ਐਨ ਡੀ ਆਰ ਐਫ ਦੇ ਜਵਾਨਾਂ ਨੇ ਐਂਬੂਲੈਂਸ ਤੱਕ ਪਹੁੰਚਾਇਆ ਜੋ ਉਸ ਨੂੰ ਹਸਪਤਾਲ ਲੈ ਗਈ ਅਤੇ ਬੱਚਾ ਠੀਕ-ਠਾਕ ਹੈ।

ਇਸ ਬਾਰੇ ਵਿੱਚ ਐਨ ਡੀ ਆਰ ਐਫ ਨੇ ਇੱਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਬੱਚੇ ਨੂੰ ਮਲਬੇ ਤੋਂ ਕੱਢ ਕੇ ਉਸ ਨੂੰ ਸਟ੍ਰੇਚਰ 'ਤੇ ਰੱਖਦੇ ਦਿਖਾਇਆ ਗਿਆ ਹੈ। ਐਨ ਡੀ ਆਰ ਐਫ ਦੇ ਡਾਇਰੈਕਟਰ ਜਨਰਲ ਐਸ ਐਨ ਪ੍ਰਧਾਨ ਨੇ ਲੜਕੇ ਨੂੰ ਭਗਵਾਨ ਦਾ ਪੁੱਤਰ ਦੱਸਿਆ। ਬੱਚੇ ਦੇ ਜ਼ਿੰਦਾ ਮਿਲਣ ਦੀ ਖ਼ੁਸ਼ੀ ਜ਼ਿਆਦਾ ਦੇਰ ਤੱਕ ਨਹੀਂ ਟਿਕੀ, ਕਿਉਂਕਿ ਅੱਧੇ ਘੰਟੇ ਵਿੱਚ ਉਸੇ ਥਾਂ ਤੋਂ ਉਸ ਦੀ 30 ਸਾਲਾ ਮਾਂ ਨੌਸ਼ੀਨ ਨਦੀਮ ਬੰਗੀ ਦੀ ਲਾਸ਼ ਮਿਲ ਗਈ। ਹਾਦਸੇ ਵਿੱਚ ਬੱਚੇ ਦੀਆਂ ਦੋ ਭੈਣਾਂ ਆਇਸ਼ਾ (7) ਅਤੇ ਰੁਕੈਯਾ (2) ਦੀਆਂ ਲਾਸ਼ਾਂ ਵੀ ਕੁਝ ਦੇਰ ਬਾਅਦ ਬਰਾਮਦ ਕੀਤੀਆਂ ਗਈਆਂ। ਲੜਕੇ ਦੇ ਪਿਤਾ ਨਦੀਮ ਬੰਗੀ ਦੁਬਈ ਵਿੱਚ ਕੰਮ ਕਰਦੇ ਹਨ ਤੇ ਕੱਲ੍ਹ ਦੁਪਹਿਰ ਉਹ ਮਹਾੜ ਪਹੁੰਚ ਗਏ।




## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਆਪਣੇ ਪਤੀ ਦੀ ਗੱਡੀ ਵਿੱਚ ਫਸ ਜਾਣ ਕਾਰਨ ਮਹਿਲਾ ਦੀ ਹੋਈ ਮੌਤ





ਮਾਇਆਮੀ, 27 ਅਗਸਤ (ਪੋਸਟ ਬਿਊਰੋ) : ਗਰਮ ਦੁਪਹਿਰ ਵਿੱਚ ਕਈ ਘੰਟਿਆਂ ਤੱਕ ਆਪਣੇ ਪਤੀ ਦੀ ਗਸ਼ਤ ਕਰਨ ਵਾਲੀ ਗੱਡੀ ਦੇ ਪਿਛਲੇ ਹਿੱਸੇ ਵਿੱਚ ਫਸੀ ਰਹਿਣ ਕਾਰਨ ਫਲੋਰਿਡਾ ਦੇ ਪੁਲਿਸ ਅਧਿਕਾਰੀ ਦੀ ਪਤਨੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

56 ਸਾਲਾ ਕਲਾਰਾ ਪਾਓਲੀਨੋ ਦੀ ਮੌਤ ਨੂੰ ਜਾਂਚਕਾਰ ਹਾਦਸੇ ਵਜੋਂ ਵੇਖ ਰਹੇ ਹਨ। 58 ਸਾਲਾ ਅਰਿਸਟਾਈਡਜ਼ ਪਾਓਲੀਨੋ, ਅੱਧੀ ਰਾਤ ਦੀ ਆਪਣੀ ਸ਼ਿਫਟ ਮੁੱਕਣ ਤੋਂ ਬਾਅਦ ਸ਼ੁੱਕਰਵਾਰ ਦੁਪਹਿਰ ਨੂੰ ਆਪਣੇ ਮਾਇਆਮੀ ਸ਼ੋਰਜ਼ ਸਥਿਤ ਘਰ ਵਿੱਚ ਸੌਂ ਰਿਹਾ ਸੀ। ਕਲਾਰਾ ਪਾਓਲੀਨੋ ਆਪਣੇ ਪਤੀ ਦੀ ਐਸਯੂਵੀ ਦੀ ਪਿਛਲੀ ਸੀਟ ਉੱਤੇ ਕੁੱਝ ਲੱਭਣ ਲਈ ਗਈ ਜਦੋਂ ਕਿਸੇ ਤਰ੍ਹਾਂ ਗੱਡੀ ਦੇ ਦਰਵਾਜ਼ੇ ਬੰਦ ਹੋ ਗਏ ਤੇ ਗੱਡੀ ਦਾ ਸੈਲਫ ਲੌਕ ਮੈਕੇਨਿਜ਼ਮ ਸ਼ੁਰੂ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਪਾਓਲੀਨੋ ਦੇ ਗੱਡੀ ਵਿੱਚ ਫਸੇ ਹੋਣ ਦੌਰਾਨ ਗੱਡੀ ਦੇ ਅੰਦਰਲਾ ਤਾਪਮਾਨ 32 ਡਿਗਰੀ ਸੈਲਸੀਅਸ ਤੱਕ ਅੱਪੜ ਗਿਆ। ਉਹ ਚਾਰ ਘੰਟੇ ਉੱਥੇ ਹੀ ਫਸੀ ਰਹੀ ਤੇ ਫਿਰ ਉਸ ਦੇ ਪਰਿਵਾਰ ਨੂੰ ਉਸ ਦੀ ਲਾਸ਼ ਮਿਲੀ। ਜਾਂਚਕਾਰਾਂ ਨੇ ਅਜੇ ਇਹ ਨਹੀ ਦੱਸਿਆ ਹੈ ਕਿ ਉਹ ਗੱਡੀ ਵਿੱਚੋਂ ਕੀ ਲੱਭ ਰਹੀ ਸੀ।

# ਅਸ਼ਲੀਲ ਫ਼ਿਲਮਾਂ ਦਿਖਾਉਂਦੇ ਦੋ ਕਾਬੂ

ਇੰਦੌਰ, 27 ਅਗਸਤ (ਪੋਸਟ ਬਿਊਰੋ)- ਗਾਹਕਾਂ ਤੋਂ ਪੈਸੇ ਵਸੂਲ ਕੇ ਅਸ਼ਲੀਲ ਫ਼ਿਲਮਾਂ ਦਿਖਾਉਣ ਵਾਲੇ ਇੱਕ ਓ ਟੀ ਟੀ ਪਲੇਟਫਾਰਮ ਨੂੰ ਚਲਾਉਣ ਵਾਲੀ ਨਿੱਜੀ ਕੰਪਨੀ ਦੇ ਦੋ ਡਾਇਰੈਕਟਰਾਂ ਨੂੰ ਪੁਲਸ ਦੇ ਸਾਈਬਰ ਦਸਤੇ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਇਸ ਓ ਟੀ ਟੀ ਪਲੇਟਫਾਰਮ ਨੂੰ ਇੱਕ ਪਾਕਿਸਤਾਨੀ ਨਾਗਰਿਕ ਦੇ ਤਕਨੀਕੀ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ ਸੀ।

ਮੱਧ ਪ੍ਰਦੇਸ਼ ਦੇ ਸਟੇਟ ਸਾਈਬਰ ਸੈਲ ਦੀ ਇੰਦੌਰ ਇਕਾਈ ਦੇ ਮੁਖੀ ਜਤਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਇੱਕ ਨਿੱਜੀ ਕੰਪਨੀ ਦੇ ਡਾਇਰੈਕਟਰਾਂ ਦੀਪਕ ਸੈਨੀ (30) ਤੇ ਕੇਸ਼ਵ ਸਿੰਘ (27) ਨੂੰ ਆਈ ਟੀ ਐਕਟ ਦੇ ਨਿਯਮਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ’ਤੇ ਦੋਸ਼ ਹੈ ਕਿ ਉਹ ਅਸ਼ਲੀਲ ਵੀਡੀਓ ਕੰਟੈਂਟ ਬਣਾਉਣ ਵਾਲੇ ਗਿਰੋਹ ਦੇ ਲੋਕਾਂ ਤੋਂ ਅਸ਼ਲੀਲ ਫ਼ਿਲਮਾਂ ਖ਼ਰੀਦਦੇ ਸੀ ਅਤੇ ਇਸ ਨੂੰ ਆਪਣੇ ਓ ਟੀ ਟੀ ਪਲੇਟਫਾਰਮ ਰਾਹੀਂ ਚਲਾਉਂਦੇ ਸੀ। ਦੋਸ਼ੀਆਂ ਨੇ ਫ੍ਰੀ ਲਾਂਸਰਾਂ ਦੇ ਇੱਕ ਆਨਲਾਈਨ ਨੈਟਵਰਕ ਰਾਹੀਂ ਪਿਛਲੇ ਸਾਲ ਪਾਕਿਸਤਾਨ ਦੇ ਕਿਸੇ ਹੁਸੈਨ ਅਲੀ ਨੂੰ ਆਪਣੇ ਓ ਟੀ ਟੀ ਪਲੇਟਫਾਰਮ ਨੂੰ ਤਕਨੀਕੀ ਰੂਪ ਤੋਂ ਵਿਕਸਿਤ ਕਰਨ ਦਾ ਕੰਮ ਲੱਗਭਗ 20,000 ਭਾਰਤੀ ਰੁਪਏ ਵਿੱਚ ਦਿੱਤਾ ਸੀ।

# ਆਸਟਰੇਲੀਆ ਵੱਲੋਂ ਕੋਵਿਡ ਦੀ ਆਜ਼ਾਦ ਜਾਂਚ ਦੀ ਮੰਗ ਨਾਲ ਚੀਨ ਭੜਕਿਆ

## * ਚੀਨੀ ਦੂਤ ਨੇ ਕਿਹਾ: ਸਾਡੇ ਮਾਮਲਿਆਂ ਵਿੱਚ ਦਖਲ ਨਾ ਦਿਓ

ਸਿਡਨੀ, 27 ਅਗਸਤ, (ਪੋਸਟ ਬਿਊਰੋ)- ਆਸਟਰੇਲੀਆ ਵਿਚ ਚੀਨ ਦੇ ਡਿਪਟੀ ਹੈੱਡ ਨੇ ਕਿਹਾ ਹੈ ਕਿ ਆਸਟਰੇਲੀਆ ਦੇ ਅੰਦਰੂਨੀ ਮਾਮ-ਲਿਆਂ ਵਿਚਚੀਨ ਨੇ ਕਦੇ ਦਖਲ ਨਹੀਂ ਦਿੱਤਾ। ਉਸ ਨੇ ਆਸਟਰੇਲੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਵੀ ਚੀਨ ਦੇ ਮਾਮਲਿਆਂ ਵਿਚ ਦਖਲ ਦੇਣਾ ਬੰਦ ਕਰ ਦੇਣ।

ਚੀਨੀ ਅੰਬੈਸੀ ਦੇ ਡਿਪਟੀ ਹੈਡ ਆਫ਼ ਮਿਸ਼ਨ, ਵੈਂਗ ਸ਼ਿਨਿੰਗ ਨੇ ਚੀਨ ਤੇ ਆਸਟਰੇਲੀਆ ਵਿਚਾਲੇ ਵਧਦੇ ਤਣਾਅਬਾਰੇਪੱਖ ਪੇਸ਼ ਕਰਦਿਆਂ ਕਿਹਾਕਿ ਸਨਮਾਨ, ਸਦਭਾਵਨਾ, ਨਿਰਪੱਖਤਾ ਅਤੇ ਦੂਰਦਰਸ਼ਿਤਾ ਦੀ ਵਿਆਪਕ, ਰਣਨੀਤਕ ਭਾਈਵਾਲੀ ਸਿੱਧ ਕਰਨ ਦਾ ਸਿਧਾਂਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ, ‘ਅਸੀਂ ਕੁਝ ਗੱਲਾਂ ਉੱਤੇ ਅਸਹਿਮਤ ਹੋ ਸਕਦੇ ਹਾਂ ਤੇ ਇਸ ਗੱਲ ਉੱਤੇ ਵੀ ਸਹਿਮਤ ਨਹੀਂ ਹੋ ਸਕਦੇ ਕਿ ਅਸਹਿਮਤੀ ਕਿਵੇਂ ਪੇਸ਼ ਕਰਨੀ ਚਾਹੀਦੀ ਹੈ, ਪਰ ਭਾਈਵਾਲੀ ਉਦੋਂ ਤੱਕ ਮਤਭੇਦ ਜਾਂ ਅਸਹਿਮਤੀ ਨਾਲ ਖਰਾਬ ਨਹੀਂ ਹੋਵੇਗੀ,ਜਦੋਂ ਤੱਕ ਇਕ ਦੂਸਰੇ ਤੱਕ ਚੰਗੀ ਤਰ੍ਹਾਂ ਪਹੁੰਚਦੇ ਹਾਂ।’

ਪਿਛਲੇ ਹਫਤੇ ਚੀਨ ਨੇ ਆਸਟਰੇਲੀਆਈ ਬੀਫ ਅਤੇ ਜੌਂਅ ਦੇ ਐਕਸਪੋਰਟ ਉੱਤੇ ਪਹਿਲਾਂ ਵਪਾਰਕ ਪਾਬੰਦੀਆਂ ਲਾਉਣਪਿੱਛੋਂ ਆਸਟਰੇਲੀਅਨ ਵਾਈਨ ਡੰਪਿੰਗ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਨੂੰ ਕਾਮਨਵੈੱਲਥ ਸਰਕਾਰ ਦੇ ਵਿਦੇਸ਼ੀ ਦਖਲ ਕਾਨੂੰਨਾਂ ਦੇ ਰੂਪ ਵਿਚ ਬਦਲੇ ਦੀ ਕਾਰਵਾਈ ਸਮਝਿਆ ਗਿਆ ਹੈ। ਇਹ ਹੁਵਾਈ ਉੱਤੇ ਆਸਟਰੇਲੀਆ ਦੇ 5 ਜੀ ਨੈੱਟਵਰਕ ਲਈ ਪਾਬੰਦੀ ਲਾਉਣ ਦੇ ਫੈਸਲੇ ਅਤੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੂੰ ਕੋਵਿਡ-19 ਦੇ ਮੁੱਢਲੇ ਕੇਸ ਦੀ ਆਜ਼ਾਦ ਜਾਂਚ ਲਈ ਪ੍ਰੇਰਿਤ ਕਰਦਾ ਹੈ।

ਅੱਜ ਵੈਂਗ ਤੋਂ ਪੁੱਛਿਆ ਗਿਆ ਕਿ ਚੀਨ ਸਰਕਾਰ ਨੇ ਸਮੀਖਿਆ ਕਰਨ ਦੇ ਸੱਦੇ ਦਾ ਵਿਰੋਧ ਕਿਉਂ ਕੀਤਾ ਤਾਂ ਉਨ੍ਹਾਂ ਕਿਹਾ ਕਿ ਆਸਟਰੇਲੀਆ ਨੇ ਕਦੇ ਚੀਨ ਸਰਕਾਰ ਨਾਲ ਵਿਚਾਰਨਹੀਂ ਕੀਤੀ, ਜਿਸ ਵਿਚ ‘ਸ਼ਿਸ਼ਟਾਚਾਰ ਤੇ ਕੂਟਨੀਤੀ’ ਦੀ ਘਾਟ ਸੀ।ਉਨ੍ਹਾਂਕਿਹਾ, ‘ਉਸ ਸਮੇਂ ਵਿੱਚ ਆਸਟਰੇਲੀਆ ਦੇ ਮੰਤਰੀਆਂ ਨੇ ਦਾਅਵਾ ਕੀਤਾ ਸੀ ਕਿ ਵਾਇਰਸ ਵੂਹਾਨ ਰਾਜਤੋਂ ਆਇਆ ਸੀ, ਉਨ੍ਹਾਂ ਨੇ ਕਿਸੇ ਹੋਰ ਥਾਂ ਵੱਲ ਇਕ ਸਰੋਤ ਵਜੋਂ ਇਸ਼ਾਰਾ ਨਹੀਂ ਕੀਤਾ। ਸਾਨੂੰ ਇਕੱਲੇ ਕਰ ਦਿੱਤਾ ਗਿਆ। ਸਾਨੂੰ ਨਹੀਂ ਲਗਦਾ ਕਿ ਇਹ ਸਹੀ ਹੈ।’ ਵੈਂਗ ਇਸ ਗੱਲ ਉੱਤੇ ਸਹਿਮਤ ਨਹੀਂ ਕਿ ਕੋਵਿਡ-19 ਦਾ ਮੁੱਢ ਵੂਹਾਨ ਤੋਂਬੱਝਾ ਸੀ। ਉਨ੍ਹਾਂਦੇ ਕਹਿਣ ਮੁਤਾ-ਬਕ ਸਾਨੂੰ ਇਹ ਗੱਲ ਵਿਗਿਆਨੀਆਂ ਉੱਤੇ ਛੱਡ ਦੇਣੀਚਾਹੀਦੀ ਹੈ।



ਨੈਸ਼ਨਲ ਪ੍ਰੈੱਸ ਕਲੱਬ ਵਿਚ ਵੈਂਗ ਨੇ ਕਿਹਾ ਕਿ ਆਸਟਰੇਲੀਆ ਦੀ ਇਹ ਮੰਗ ਦੁਵੱਲੇ ਸੰਬੰਧਾਂ ਵਿਚ ਵੱਡੀ ਦਰਾੜ ਲਈ ਜ਼ਿੰਮੇਵਾਰ ਮੰਨੀ ਜਾਂਦੀ ਹੈ, ਜਿਸ ਪਿੱਛੋਂ ਚੀਨ ਸਰਕਾਰ ਨੇ ਆਸਟਰੇਲੀਆਈ ਮੰਤਰੀਆਂ ਦੇ ਫੋਨ ਚੁੱਕਣੇ ਬੰਦ ਕਰ ਦਿੱਤੇ ਹਨ ਤੇ ਆਸਟਰੇਲੀਆ ਦਾ ਬੀਫ ਤੇ ਹੋਰ ਸਮਾਨਦੀਖਰੀਦ ਵਿਚ ਰੁਕਾਵਟ ਪਈ ਹੈ।ਆਸਟਰੇਲੀਆ ਵੱਲੋਂ ਕੋਵਿਡ ਦੀ ਜਾਂਚ ਕਰਨ ਦੀ ਮੰਗ ਬਾਰੇ ਵਾਂਗ ਨੇ ਸ਼ੈਕਸਪੀਅਰ ਦੇ ਨਾਟਕ ‘ਜੂਲੀਅਸ ਸੀਜਰ’ ਦਾ ਜ਼ਿਕਰ ਕੀਤਾ, ਜਿੱਥੇ ਸੀਜਰ ਨੂੰ ਪਤਾ ਚੱਲਦਾ ਹੈ ਕਿ ਉਸ ਦੇਕਤਲ ਦੀ ਸਾਜਿਸ਼ ਕਰਦੇ ਲੋਕਾਂ ਵਿਚ ਉਸ ਦਾ ਦੋਸਤ ਮਾਰਕਸ ਜੂਨੀਅਸ ਬਰੂਟਸ ਵੀ ਹੈ। ਵਾਂਗ ਨੇ ਕਿਹਾ, ‘ਇਹ ਕੇਸ ਜੂਲੀਅਸ ਸੀਜਰ ਦੇ ਆਖਰੀ ਦਿਨਾਂ ਵਰਗਾ ਹੈ, ਜਦੋਂ ਉਸ ਨੇ ਬਰੂਟਸ ਨੂੰ ਵੀ ਆਪਣੇ ਵੱਲ ਆਉਂਦਾ ਵੇਖ ਕੇ ਕਿਹਾ ਸੀ: ‘ਅਤੇ ਤੂੰ ਵੀ, ਬਰੂਟਸ’।

# ਕੋਰੋਨਾ ਦੌਰਾਨ ਕਰਜ਼ਾ ਕਿਸ਼ਤਾਂ ਦੇ ਮੁੱਦੇ ਤੋਂ ਸੁਪਰੀਮ ਕੋਰਟ ਵਿੱਚ ਮੋਦੀ ਸਰਕਾਰ ਦੀ ਝਾੜ-ਝੰਬ

## * ਕੋਰਟ ਨੇ ਕਿਹਾ: ਸਰਕਾਰ ਰਿਜ਼ਰਵ ਬੈਂਕ ਦੇ ਓਹਲੇ ਲੁਕ ਰਹੀ ਹੈ

ਨਵੀਂ ਦਿੱਲੀ, 27 ਅਗਸਤ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਂਮਾਰੀ ਦੌਰਾਨ ਕਰਜ਼ਾ ਕਿਸ਼ਤਾਂ ਅੱਗੇ ਪਾਉਣਪਿੱਛੋਂ ਵਿਆਜ ਉੱਤੇਵਿਆਜ਼ ਲੈਣ ਨੂੰ ਮਾਫ਼ ਕਰਨ ਬਾਰੇਭਾਰਤਦੀ ਨਰਿੰਦਰ ਮੋਦੀ ਸਰਕਾਰ ਦੀ ਨਾਕਾਮੀ ਦਾ ਸੁਪਰੀਮ ਕੋਰਟ ਨੇ ਨੋਟਿਸ ਲਿਆ ਅਤੇ ਇਕ ਹਫ਼ਤੇ ਵਿੱਚ ਨਜ਼ਰੀਆ ਸਪੱਸ਼ਟ ਕਰਨ ਲਈ ਕਿਹਾ ਹੈ।

ਜਸਟਿਸ ਅਸ਼ੋਕ ਭੂਸ਼ਣ ਦੀ ਪ੍ਰਧਾਨਗੀ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਬਾਰੇ ਅਪਣਾ ਪੱਖਨਹੀਂਦੱਸਿਆ, ਜਦਕਿ ਆਫ਼ਤ ਬਾਰੇ ਕਾਨੂੰਨ ਹੇਠ ਉਸ ਦੇ ਕੋਲ ਅਧਿਕਾਰ ਹਨ ਅਤੇ ਸਰਕਾਰ ਇਸ ਵਕਤਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ)ਦੇ ਓਹਲੇ ਲੁਕਦੀ ਪਈ ਹੈ। ਇਸ ਉੱਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸਰਕਾਰ ਵੱਲੋਂ ਜਵਾਬ ਦੇਣ ਲਈ ਇਕ ਹਫ਼ਤਾ ਸਮਾਂ ਮੰਗਿਆ,ਜੋ ਅਦਾਲਤ ਨੇ ਦੇ ਦਿੱਤਾ। ਮਹਿਤਾ ਨੇ ਕਿਹਾ ਕਿ ਉਹ ਆਰਬੀਆਈ ਮਿਲ ਕੇ ਕੰਮ ਕਰ ਰਹੇ ਹਨ। ਅਦਾਲਤ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਇਹ ਦੱਸੇ ਕਿ ਕੀ ਵਿਆਜ ਉੱਤੇ ਵਾਧੂ ਵਿਆਜ ਲਿਆ ਜਾ ਸਕਦਾ ਹੈ। ਬੈਂਚ ਵਿਚ ਜਸਟਿਸ ਆਰ ਸੁਭਾਸ਼ ਰੈਡੀ ਤੇ ਜਸਟਿਸ ਐਮ ਆਰ ਸ਼ਾਹ ਵੀ ਹਨ। ਸਾਲਿ-ਸਟਰ ਜਨਰਲ ਮਹਿਤਾ ਨੇ ਕਿਹਾ ਕਿ ਸਾਰੀਆਂ ਸਮੱਸਿਆਵਾਂ ਦਾ ਕੋਈ ਆਮ ਹੱਲ ਨਹੀਂ ਹੋ ਸਕਦਾ।

ਪਟੀਸ਼ਨਰ ਵਲੋਂ ਪੇਸ਼ ਵਕੀਲ ਕਪਿਲ ਸਿੱਬਲ ਨੇ ਅਦਾਲਤ ਨੂੰ ਕਿਹਾ ਕਿ ਕਰਜ਼ੇ ਦੀਆਂ ਰੁਕੀਆਂ ਹੋਈਆਂ ਕਿਸ਼ਤਾਂ ਦੀ ਮਿਆਦ 31 ਅਗੱਸਤ ਨੂੰ ਖ਼ਤਮ ਹੋ ਜਾਵੇਗੀ ਅਤੇ ਸਰਕਾਰ ਨੇ ਹਾਲੇ ਕੋਈ ਫੈਸਲਾ ਨਹੀਂ ਕੀਤਾ, ਇਸ ਕਰ ਕੇ ਆਮ ਲੋਕਾਂ ਦੀ ਮੁਸ਼ਕਲ ਵੇਖਦੇ ਹੋਏ ਇਹ ਤਰੀਕ ਹੋਰ ਵਧਾਉਣੀ ਚਾਹੀਦੀ ਹੈ। ਉਨ੍ਹਾ ਕਿਹਾ, ‘ਮੈਂ ਸਿਰਫ਼ ਇਹ ਕਹਿ ਰਿਹਾ ਹਾਂ ਕਿ ਜਦੋਂ ਤਕ ਇਨ੍ਹਾਂ ਦਲੀਲਾਂ ਦਾ ਫ਼ੈਸਲਾ ਨਹੀਂ ਹੋ ਜਾਂਦਾ, ਓਦੋਂ ਤਕ ਰੋਕ ਖ਼ਤਮ ਨਹੀਂ ਹੋਣੀ ਚਾਹੀਦੀ।’



ਅਦਾਲਤ ਦੀ ਇਹ ਬੈਂਚ ਆਗਰਾ ਦੇ ਗਜੇਂਦਰ ਸ਼ਰਮਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਹੈ, ਜਿਸ ਨੇ ਕਿਹਾ ਹੈ ਕਿ ਰਿਜ਼ਰਵ ਬੈਂਕ ਦੇ 27 ਮਾਰਚ ਦੇ ਨੋਟੀਫ਼ਿਕੇਸ਼ਨ ਵਿਚ ਕਿਸ਼ਤਾਂ ਦੀ ਵਸੂਲੀ ਅੱਗੇ ਪਾਉਣ ਦਾ ਕਰਜ਼ਦਾਰਾਂ ਨੂੰ ਕੋਈ ਠੋਸ ਲਾਭ ਹੀਨਹੀਂ ਹੋਇਆ। ਅਦਾਲਤ ਦੀ ਰਾਏ ਹੈ ਕਿ ਇਸ ਕੇਸ ਵਿਚ ਵਿਆਜ ਤੋਂ ਪੂਰੀ ਛੋਟ ਦਾ ਸਵਾਲ ਨਹੀਂ, ਸਗੋਂ ਇਹ ਬੈਂਕਾਂ ਵੱਲੋਂ ਵਿਆਜ ਉੱਤੇ ਵਿਆਜ ਲਾਉਣ ਦਾ ਮਾਮਲਾ ਹੈ।ਕੇਸ ਦੀ ਅਗਲੀ ਸੁਣਵਾਈ ਇਕ ਸਤੰਬਰ ਨੂੰ ਹੋਵੇਗੀ।

MARVES HARDWOOD FLOORING



Services:
Fence - Hardwood Flooring
Stairs - Small Renovation
John
416-787-6551

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ। ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫਿਲਮੀ ਦੁਨੀਆ

## ਨਵੰਬਰ ਵਿੱਚ ਰਸ਼ਮੀ ਰੈਕੇਟ ਦੀ ਸ਼ੂਟਿੰਗ ਸ਼ੁਰੂ ਕਰੇਗੀ ਤਾਪਸੀ

ਅਭਿਨੇਤਰੀ ਤਾਪਸੀ ਪੰਨੂ ਦੀ ਅਗਲੀ ਫਿਲਮ 'ਰਸ਼ਮੀ ਰੈਕੇਟ' ਦੀ ਸ਼ੂਟਿੰਗ ਨਵੰਬਰ ਵਿੱਚ ਸ਼ੁਰੂ ਹੋਵਗੀ। ਇਸ ਦੀ ਕਹਾਣੀ ਪਿੰਡ ਦੀ ਇੱਕ ਲੜਕੀ ਦੇ ਬਾਰੇ ਹੈ, ਜੋ ਤੇਜ਼ ਰਫਤਾਰ ਦੌੜਨ ਵਿੱਚ ਮਾਹਰ ਹੈ। ਇਸ ਕਾਰਨ ਪਿੰਡ ਵਾਲੇ ਉਸ ਨੂੰ ਰਾਕੇਟ ਦੇ ਨਾਂਅ ਨਾਲ ਜਾਣਦੇ ਹਨ। ਜਦ ਇਸ ਲੜਕੀ ਨੂੰ ਆਪਣੀ ਪ੍ਰਤਿਭਾ ਨੂੰ ਪ੍ਰੋਫੈਸ਼ਨਲ ਰੂਪ ਤੋਂ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਇਸ ਮੌਕੇ ਨੂੰ ਆਪਣੇ ਹੱਥੋਂ ਨਹੀਂ ਜਾਣ ਦਿੰਦੀ।

ਇੱਕ ਐਥਲੈਟਿਕਸ ਮੁਕਾਬਲੇ ਵਾਂਗ ਨਜ਼ਰ ਆਉਣ ਵਾਲੀ ਇਹ ਰੇਸ ਉਸ ਲਈ ਉਸ ਦੇ ਮਾਣ ਸਨਮਾਨ, ਤੇ ਇਥੋਂ ਤੱਕ ਕਿ ਉਸ ਦੀ ਆਪਣੀ ਪਛਾਣ ਲਈ ਇੱਕ ਨਿੱਜੀ ਲੜਾਈ ਵਿੱਚ ਬਦਲ ਜਾਂਦੀ ਹੈ। ਇਸ ਫਿਲਮ ਨੂੰ ਆਕਰਸ਼ ਖੁਰਾਣਾ ਨਿਰਦੇਸ਼ਿਤ ਕਰਨਗੇ, ਜੋ ਇਸ ਤੋਂ ਪਹਿਲਾਂ ਇਰਫਾਨ ਖਾਨ 'ਕਾਰਵਾਂ' ਦਾ ਨਿਰਦੇਸ਼ਨ ਕਰ ਚੁੱਕੇ ਹਨ।




## ਅਕਸ਼ੈ ਕੁਮਾਰ ਨੇ ਸ਼ੁਰੂ ਕੀਤੀ 'ਬੈੱਲ ਬਾਟਮ' ਦੀ ਸ਼ੂਟਿੰਗ

ਬਾਲੀਵੁੱਡ ਦੇ ਖਿਡਾਰੀ ਕੁਮਾਰ ਅਕਸ਼ੈ ਕੁਮਾਰ ਨੇ ਆਪਣੀ ਅਗਲੀ ਫਿਲਮ 'ਬੈੱਲ ਬਾਟਮ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਦੀ ਜਾਣਕਾਰੀ ਖੁਦ ਅਕਸ਼ੈ ਕੁਮਾਰ ਨੇ ਇੱਕ ਵੀਡੀਓ ਸ਼ੇਅਰ ਕੀਤੀ ਹੈ ਜਿਸ ਵਿੱਚ ਉਹ ਕਲੈਪ ਬੋਰਡ ਫੜੇ ਦਿਖਾਈ ਦੇਂਦੇ ਹਨ। ਇਸ ਨੂੰ ਸ਼ੇਅਰ ਕਰਦੇ ਹੋਏ ਅਕਸ਼ੈ ਨੇ ਕਿਹਾ ਕਿ ਇਹ ਮੁਸ਼ਕਲ ਘੜੀ ਹੈ, ਪਰ ਕੰਮ ਨੂੰ ਜਾਰੀ ਰਹਿਣਾ ਹੈ। ਅਕਸ਼ੈ ਕੁਮਾਰ ਨੇ ਲਿਖਿਆ, ''ਲਾਈਟਸ, ਕੈਮਰਾ, ਮਾਸਕ ਆਨ ਐਂਡ ਐਕਸ਼ਨ। ਸਾਰੇ ਨਵੇਂ ਨਿਯਮ ਪਾਲਣ ਕਰ ਰਹੇ ਹਾਂ ਅਤੇ 'ਬੈੱਲ ਬਾਟਮ' ਦੀ ਸ਼ੂਟਿੰਗ ਵੀ ਜਾਰੀ ਹੈ। ਇਹ ਥੋੜ੍ਹਾ ਮੁਸ਼ਕਲ ਸਮਾਂ ਹੈ, ਪਰ ਕੰਮ ਨੂੰ ਜਾਰੀ ਰਹਿਣਾ ਚਾਹੀਦਾ ਹੈ। ਤੁਹਾਡੇ ਪਿਆਰ ਅਤੇ ਕਿਸਮਤ ਦੀ ਜ਼ਰੂਰਤ ਹੈ।'' ਦੱਸਿਆ ਗਿਆ ਹੈ ਕਿ ਅਕਸ਼ੈ ਕੁਮਾਰ ਦੀ ਫਿਲਮ 'ਬੈੱਲ ਬਾਟਮ' ਦਾ ਪਹਿਲਾ ਸ਼ਡਿਊਲ ਲੰਡਨ ਵਿੱਚ ਸ਼ੂਟ ਕੀਤਾ ਜਾਏਗਾ। ਇਸ ਫਿਲਮ ਵਿੱਚ ਵਾਣੀ ਕਪੂਰ, ਲਾਰਾ ਦੱਤਾ, ਹੁਮਾ ਕੁਰੈਸ਼ੀ ਅਤੇ ਕਈ ਕਲਾਕਾਰ ਨਜ਼ਰ ਆਉਣ ਵਾਲੇ ਹਨ।



## ਇਨ-ਸਕਿਓਰਿਟੀ ਹਮੇਸ਼ਾ ਤੋਂ ਰਹੀ ਹੈ : ਦਿਲਜੀਤ ਦੁਸਾਂਝ



ਪਿੱਛੇ ਜਿਹੇ ਦਿਲਜੀਤ ਦੁਸਾਂਝ ਨੇ ਆਪਣਾ ਐਲਬਮ 'ਗੋਟ' ਲਾਂਚ ਕੀਤਾ ਹੈ। ਉਨ੍ਹਾਂ ਦੇ ਗਾਣੇ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਇਸ ਐਲਬਮ ਨੂੰ ਉਨ੍ਹਾਂ ਨੇ ਲਾਕਡਾਊਨ ਦੇ ਦੌਰਾਨ ਬਣਾਇਆ ਸੀ। ਦਿਲਜੀਤ ਆਪਣੇ ਪਰਵਾਰ ਦੇ ਨਾਲ ਅਮਰੀਕਾ ਵਿੱਚ ਹਨ।

ਲਗਾਤਾਰ ਕੰਮ ਕਰਦੇ ਰਹਿਣ ਬਾਰੇ ਦਿਲਜੀਤ ਕਹਿੰਦੇ ਹਨ ਕਿ ਉਨ੍ਹਾਂ ਦੀ ਆਦਤ ਮਾਂ ਦੇ ਕਾਰਨ ਹੈ। ਮਾਂ ਹਮੇਸ਼ਾ ਕਹਿੰਦੀ ਰਹੀ ਹੈ ਕਿ ਸਭ ਕੁਝ ਖੁਦ ਕਰਨਾ ਹੈ। ਸਾਡਾ ਕੋਈ ਸਾਈਡ ਬਿਜ਼ਨਸ ਨਹੀਂ ਸੀ। ਗਰੀਬੀ ਬੜੀ ਦੇਖੀ ਹੈ। ਮੈਨੂੰ ਲੱਗਦਾ ਹੈ ਕਿ ਕੰਮ ਨਾ ਕਰਾਂਗਾ ਤਾਂ ਜੀਵਨ ਵਿੱਚ ਪਿੱਛੇ ਰਹਿ ਜਾਵਾਂਗਾ। ਇਨ ਸਕਿਓਰਿਟੀ ਹਮੇਸ਼ਾ ਰਹੀ ਹੈ ਕਿ ਇਹ ਚੀਜ਼ਾਂ ਕਿਤੇ ਚਲੀਆਂ ਨਾ ਜਾਣ। ਮੇਰੇ ਪਿੱਛੇ ਕਦੇ ਕਿਸੇ ਦਾ ਹੱਥ ਨਹੀਂ ਰਿਹਾ ਕਿ ਤੂੰ ਫੇਲ੍ਹ ਵੀ ਹੋਵੇਂਗਾ ਤਾਂ ਮੈਂ ਹਾਂ।

ਉਹ ਕਹਿੰਦੇ ਹਨ ਕਿ ਮਾਤਾ ਪਿਤਾ ਦਾ ਕੰਮ ਬੱਚਿਆਂ ਨੂੰ ਚੰਗੀ ਪਰਵਰਿਸ਼ ਦੇਣਾ ਹੁੰਦਾ ਹੈ। ਅੱਗੇ ਸਭ ਕੁਝ ਖੁਦ ਕਰਨਾ ਚਾਹੀਦਾ ਹੈ। ਮੇਰੇ ਪਿਤਾ ਨੇ ਕਦੇ ਮਹਿਸੂਸ ਨਹੀਂ ਕਰਾਇਆ। ਪਰਵਾਰ ਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਨੂੰ ਵਕਤ ਨਹੀਂ ਦਿੰਦਾ। ਕਿਤੇ ਘੁੰਮਣ ਵੀ ਜਾਂਦਾ ਹਾਂ ਤਾਂ ਇਹ ਸੋਚਦਾ ਹਾਂ ਕਿ ਇਹ ਲੋਕੇਸ਼ਨ ਅਗਲੇ ਗਾਣੇ ਲਈ ਚੰਗੀ ਹੈ। ਸੋਸ਼ਲ ਮੀਡੀਆ 'ਤੇ ਰਹਿਣਾ ਪੈਂਦਾ ਹੈ। ਸਭ ਨੰਬਰਾਂ ਦੀ ਖੇਡ ਹੋ ਗਈ ਹੈ। ਤੁਸੀਂ ਜੋ ਕੀਤਾ ਹੈ, ਉਹ ਦੱਸਣਾ ਚਾਹੀਦਾ ਹੈ।

ਦਿਲਜੀਤ ਦੁਸਾਂਝ ਫਿਲਮ 'ਸੂਰਜ ਪੇ ਮੰਗਲ ਭਾਰੀ' ਵਿੱਚ ਨਜ਼ਰ ਆਉਣਗੇ। ਇਸ ਦੇ ਇਲਾਵਾ ਖਬਰਾਂ ਹਨ ਕਿ ਉਹ ਅਲੀ ਅੱਬਾਸ ਜ਼ਫਰ ਦੀ 1984 ਵਿੱਚ ਹੋਏ ਦਿੱਲੀ ਦੰਗਿਆਂ 'ਤੇ ਬਣਨ ਵਾਲੀ ਫਿਲਮ ਦਾ ਹਿੱਸਾ ਵੀ ਹੋਣਗੇ। ਇਸ ਵਿਸ਼ੇ 'ਤੇ ਦਿਲਜੀਤ ਪਹਿਲਾਂ ਇੱਕ ਪੰਜਾਬੀ ਫਿਲਮ '1984' ਕਰ ਚੁੱਕੇ ਹਨ।

## 'ਗੰਗੂਬਾਈ ਕਾਠਿਆਵਾੜੀ' ਵਿੱਚ ਆਲੀਆ ਭੱਟ 'ਤੇ ਡਾਂਸ ਨੰਬਰ ਫਿਲਮਾਇਆ ਜਾਏਗਾ



ਸੰਜੇ ਲੀਲਾ ਭੰਸਾਲੀ ਦੀ ਅਪ-ਕਮਿੰਗ ਫਿਲਮ 'ਗੰਗੂਬਾਈ ਕਾਠਿਆਵਾੜੀ' ਲਾਕਡਾਊਨ ਦੇ ਬਾਅਦ ਫਿਰ ਫਲੋਰ 'ਤੇ ਅੱਗੇ ਵਧ ਰਹੀ ਹੈ। ਇਸ ਫਿਲਮ ਵਿੱਚ ਆਲੀਆ ਭੱਟ ਦਾ ਲੀਡ ਰੋਲ ਹੈ, ਜਿਸ ਉੱਤੇ ਭੰਸਾਲੀ ਨੇ ਇੱਕ ਡਾਂਸਰ ਨੰਬਰ ਪਲਾਨ ਕੀਤਾ ਹੈ, ਜੋ ਅੱਜ ਤੱਕ ਦਾ ਸਭ ਤੋਂ ਅਨੋਖਾ ਡਾਂਸ ਨੰਬਰ ਹੋਵੇਗਾ। ਇਸ ਨੂੰ ਉਹ ਮਦਰ ਆਫ ਆਲ ਡਾਂਸ ਨੰਬਰਜ਼ ਦੇ ਰੂਪ ਵਿੱਚ ਦੇਖ ਰਹੇ ਹਨ।

ਆਲੀਆ 'ਤੇ ਫਿਲਮਾਏ ਜਾਣ ਵਾਲੇ ਇਸ ਸਪੈਸ਼ਲ ਡਾਂਸ ਨੰਬਰ ਨੂੰ ਪਹਿਲਾਂ ਸਰੋਜ ਖਾਨ ਕੋਰੀਓਗ੍ਰਾਫ ਕਰਨ ਵਾਲੀ ਸੀ, ਪਰ ਉਨ੍ਹਾਂ ਦੀ ਮੌਤ ਪਿੱਛੋਂ ਸੰਜੇ ਨੇ ਖੁਦ ਇਸ ਨੂੰ ਕੋਰੀਓਗਰਾਫ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਸ ਫਿਲਮ ਵਿੱਚ ਆਲੀਆ ਦੇ ਆਪੋਜ਼ਿਟ ਕੌਣ ਹੋਵੇਗਾ, ਇਸ ਬਾਰੇ ਕਈ ਲੋਕਾਂ ਦਾ ਨਾਂਅ ਸਾਹਮਣੇ ਆ ਚੁੱਕਾ ਹੈ। ਤਾਜ਼ਾ ਰਿਪੋਰਟ ਮੁਤਾਬਕ ਟੀ ਵੀ ਐਕਟਰ ਸ਼ਾਤਨੂੰ ਮਹੇਸ਼ਵਰੀ ਨੂੰ ਆਲੀਆ ਦੇ ਆਪੋਜ਼ਿਟ ਕਾਸਟ ਕੀਤਾ ਜਾ ਸਕਦਾ ਹੈ।

## ਇਰਫਾਨ ਮੈਨੂੰ ਬਿਨਾਕਾ ਗੀਤਮਾਲਾ ਕਹਿੰਦੇ ਸਨ : ਮਿਥਿਲਾ

ਪੁਰਾਣੇ ਹਿੰਦੀ ਗਾਣੇ ਸੁਣਨ ਦੀ ਸ਼ੌਕੀਨ ਮਿਥਿਲਾ ਪਾਰਕਰ ਸੈੱਟ 'ਤੇ ਖਾਲੀ ਸਮੇਂ ਹੈੱਡਫੋਨ ਲਾ ਕੇ ਗਾਣੇ ਸੁਣਦੀ ਰਹਿੰਦੀ ਹੈ। ਇਸ ਆਦਤ ਕਾਰਨ ਉਨ੍ਹਾਂ ਦਾ ਨਾਂਅ ਇਰਫਾਨ ਖਾਨ ਨੇ ਬਿਨਾਕਾ ਗੀਤਮਾਲਾ ਰੱਖ ਦਿੱਤਾ ਸੀ। ਇਹ ਪੁਰਾਣਾ ਵੀਡੀਓ ਪ੍ਰੋਗਰਾਮ ਹੁੰਦਾ ਸੀ, ਜਿਸ ਦੇ ਪੇਸ਼ਕਰਤਾ ਅਮੀਨ ਸਿਆਨੀ ਸਨ। ਮਿਥਿਲਾ ਨੇ ਫਿਲਮ 'ਕਾਰਵਾਂ' ਵਿੱਚ ਇਰਫਾਨ ਦੇ ਨਾਲ ਕੰਮ ਕੀਤਾ ਸੀ।

ਮਿਥਿਲਾ ਦੱਸਦੀ ਹੈ ਕਿ 'ਇਰਫਾਨ ਜਗਿਆਸੂ ਬੱਚੇ ਵਾਂਗ ਸਨ। ਮੈਂ ਗਾਣੇ ਸੁਣਦੀ ਸੀ, ਉਹ ਮੇਰੇ ਤੋਂ ਪੁੱਛਦੇ ਸਨ, ਕਿਹੜੇ ਗਾਣੇ ਸੁਣ ਰਹੀ ਏਂ? ਜਦ ਉਨ੍ਹਾਂ ਨੂੰ ਪਤਾ ਲੱਗਦਾ ਕਿ ਮੈਂ ਸਾਰਾ ਦਿਨ ਪੁਰਾਣੇ ਗੀਤ ਸੁਣਦੀ ਹਾਂ ਤਾਂ ਉਨ੍ਹਾਂ ਨੇ ਮੇਰਾ ਨਾਂਅ ਬਿਨਾਕਾ ਗੀਤਮਾਲਾ ਰੱਖ ਦਿੱਤਾ ਸੀ। 'ਕਾਰਵਾਂ' ਫਿਲਮ ਵਿੱਚ ਮੇਰਾ ਪਹਿਲਾ ਸੀਨ ਉਨ੍ਹਾਂ ਨਾਲ ਹੀ ਸੀ। ਫਿਲਮ ਵਿੱਚ ਸਾਡੇ ਦੋਵਾਂ ਦੇ ਕਿਰਦਾਰਾਂ ਵਿੱਚ ਬਹੁਤੀ ਬਣਦੀ ਨਹੀਂ ਹੈ। ਉਨ੍ਹਾਂ ਦਾ ਕਿਰਦਾਰ ਕਾਫੀ ਮਜ਼ੇਦਾਰ ਸੀ। ਕਈ ਵਾਰ ਉਹ ਅਜਿਹਾ ਚਿਹਰਾ ਬਣਾ ਲੈਂਦੇ ਸਨ ਕਿ ਮੈਂ ਨਾ ਚਾਹੁੰਦੇ ਹੋਏ ਵੀ ਹੱਸ ਪੈਂਦੀ ਸੀ। ਮੈਨੂੰ ਆਪਣੇ ਦਿਮਾਗ ਨੂੰ ਸਮਝਾਉਣਾ ਪੈਂਦਾ ਸੀ ਕਿ ਉਹ ਮੇਰੇ ਕੋ-ਸਟਾਰ ਹਨ, ਮੈਨੂੰ ਕਿਰਦਾਰ ਵਿੱਚ ਰਹਿਣਾ ਹੈ, ਹੱਸਣਾ ਨਹੀਂ ਹੈ।'



## ਕਹਾਣੀਆਂ ਸੁਣਾਏਗੀ ਅਮਾਇਰਾ ਦਸਤੂਰ



ਅਮਾਇਰਾ ਦਸਤੂਰ ਨੇ ਲਾਕਡਾਊਨ ਵਿੱਚ ਵੀ ਖੁਦ ਨੂੰ ਬਿਜ਼ੀ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਮੌਕੇ ਆਪਣੇ ਮੇਕਅਪ ਸਕਿਲਸਜ਼ ਨੂੰ ਬਿਹਤਰ ਬਣਾਉਣ ਤੋਂ ਲੈ ਕੇ ਯੋਗਾ ਦਾ ਅਭਿਆਸ ਕਰਨ ਤੱਕ ਉਸ ਦਾ ਇੰਸਟਗ੍ਰਾਮ ਅਕਾਊਂਟ ਦਿਲਚਸਪ ਤਸਵੀਰਾਂ ਅਤੇ ਵੀਡੀਓਜ਼ ਨਾਲ ਭਰਿਆ ਪਿਆ ਹੈ। ਉਸ ਨੇ ਪਿੱਛੇ ਜਿਹੇ ਖੁਲਾਸਾ ਕੀਤਾ ਕਿ ਲਾਕਡਾਊਨ ਵਿੱਚ ਹੀ ਉਸ ਨੇ ਆਪਣੀ ਪਹਿਲੀ ਆਡੀਓਬੁੱਕ ਵੀ ਰਿਕਾਰਡ ਕੀਤੀ ਸੀ। ਉਸ ਨੇ ਕਿਹਾ ਕਿ ਇਸ ਦੇ ਨਾਲ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਵੀ ਮਨਜ਼ੂਰ ਕੀਤਾ ਕਿ ਆਡੀਓਬੁੱਕ ਉਨ੍ਹਾਂ ਲੋਕਾਂ ਲਈ ਇਕਦਮ ਸਹੀ ਹੈ, ਜੋ ਅਸਲ ਵਿੱਚ ਪੁਸਤਕਾਂ ਪੜ੍ਹਨਾ ਪਸੰਦ ਨਹੀਂ ਕਰਦੇ।

ਉਸ ਦੀ ਪਹਿਲੀ ਆਡੀਓ ਬੁੱਕ ਦਾ ਨਾਂਅ ਸੈਲਫੀ ਵਾਲੀ ਲੜਕੀ ਹੈ। ਪੀਊਸ਼ ਸ੍ਰੀਵਾਸਤਵ ਵੱਲੋਂ ਲਿਖੀ ਇਹ ਪ੍ਰੇਮ ਕਹਾਣੀ ਸੈਲਫੀ ਨਾਲ ਜਨੂੰਨੀ ਦੀ ਹੱਦ ਤੱਕ ਪਿਆਰ ਕਰਨ ਵਾਲੀ ਇੱਕ ਲੜਕੀ ਤੇ ਉਸ ਦੇ ਪ੍ਰੇਮੀ ਵਿੱਚ ਹੈ ਜਿਸ ਨੂੰ ਕਾਫੀ ਸਮੇਂ ਸੈਲਫੀ ਲੈਣ ਦੀ ਆਦਤ ਮਹਿੰਗੀ ਪੈਂਦੀ ਹੈ। ਅਮਾਇਰਾ ਕਹਿੰਦੀ ਹੈ, ''ਜਦੋਂ ਕਿਤਾਬਾਂ ਪੜ੍ਹਨ ਦੀ ਗੱਲ ਆਉਂਦੀ ਹੈ ਤਾਂ ਧਿਆਨ ਲਾਈ ਰੱਖਣਾ ਮੇਰੇ ਲਈ ਵੀ ਮੁਸ਼ਕਲ ਹੁੰਦਾ ਹੈ। ਮੇਰੇ ਜਿਹੇ ਲੋਕਾਂ ਲਈ ਆਡੀਓ ਬੁੱਕ ਵਰਦਾਨ ਹੈ।''

* ਐਕਟਿੰਗ 'ਚ ਵੀ ਬਿਜ਼ੀ...

– ਜਿੱਥੋਂ ਤੱਕ ਉਸ ਦੇ ਐਕਟਿੰਗ ਕਰੀਅਰ ਦਾ ਸਵਾਲ ਹੈ ਤਾਂ ਜਲਦੀ ਹੀ ਉਹ ਇੱਕ ਵੈੱਬ ਸੀਰੀਜ਼ 'ਦਿੱਲੀ' ਵਿੱਚ ਨਜ਼ਰ ਆਉਣ ਵਾਲੀ ਹੈ। ਅਲੀ ਅੱਬਾਸ ਜਫਰ ਦੀ ਇਸ ਰਾਜਨੀਤਕ ਥ੍ਰਿਲਰ 'ਚ ਸੈਫ ਅਲੀ ਖਾਨ ਵਰਗੇ ਸਿਤਾਰੇ ਵੀ ਕੰਮ ਕਰ ਰਹੇ ਹਨ। ਅਮਾਇਰਾ ਨੇ ਇਸ ਵਿੱਚ ਆਪਣੇ ਰੋਲ ਬਾਰੇ ਦੱਸਿਆ ਕਿ ਉਹ ਇਸ ਵਿੱਚ ਉਹ ਕਸ਼ਮੀਰੀ ਲੜਕੀ ਦੀ ਭੂਮਿਕਾ ਨਿਭਾਵੇਗੀ, ਜੋ ਦੇਸ਼ ਦੀ ਰਾਜਧਾਨੀ ਦਿੱਲੀ ਦੇ ਕੰਮ ਨੂੰ ਪ੍ਰਭਾਵਤ ਕਰਦੀ ਹੈ। ਮਾਰਚ ਵਿੱਚ ਲਾਕਡਾਊਨ ਦਾ ਐਲਾਨ ਹੋਣ ਤੋਂ ਪਹਿਲਾਂ ਅਮਾਇਰਾ ਦੀ ਝੋਲੀ ਵਿੱਚ ਜੂਨ ਵਿੱਚ ਰਿਲੀਜ਼ ਹੋਣ ਵਾਲੀ ਇੱਕ ਮਰਡਰ ਮਿਸਟਰੀ ਫਿਲਮ 'ਕੋਈ ਜਾਨੇ ਨਾ' ਵੀ ਸੀ, ਜਿਸ ਵਿੱਚ ਉਸ ਨੇ ਕੁਣਾਲ ਕਪੂਰ ਦੇ ਆਪੋਜ਼ਿਟ ਕੰਮ ਕੀਤਾ, ਪਰ ਫਿਰ ਇਸ ਦੀ ਰਿਲੀਜ਼ ਟਾਲ ਦਿੱਤੀ ਗਈ ਹੈ।

ਉਹ ਫਰਹਾਨ ਅਕਤਰ ਤੇ ਰਿਤੇਸ਼ ਸਿਧਵਾਨੀ ਦੇ ਪ੍ਰੋਡਕਸ਼ਨ 'ਡੋਂਗਰੀ ਟੂ ਦੁਬਈ' ਦੀ ਸ਼ੂਟਿੰਗ ਵੀ ਕਰ ਰਹੀ ਸੀ, ਜੋ ਲੇਖਕ ਹੁਸੈਨ ਜ਼ੈਦੀ ਦੀ ਇਸੇ ਨਾਂਅ ਦੀ ਕਿਤਾਬ 'ਤੇ ਬਣ ਰਹੀ ਇੱਕ ਵੈੱਬ ਸੀਰੀਜ਼ ਹੈ। ਉਹ ਇੱਕ ਤਮਿਲ ਫਿਲਮ 'ਬਘੀਰਾ' ਵਿੱਚ ਪ੍ਰਭੁਦੇਵਾ ਦੇ ਨਾਲ ਵੀ ਕੰਮ ਕਰ ਰਹੀ ਸੀ, ਪਰ ਉਸ ਦੇ ਇਹ ਸਾਰੇ ਪ੍ਰੋਜੈਕਟ ਕੋਰੋਨਾ ਕਾਰਨ ਫਿਲਹਾਲ ਟਲ ਚੁੱਕੇ ਹਨ।

* ਇਨ੍ਹਾਂ ਫਿਲਮਾਂ ਵਿੱਚ ਵੀ ਆਵੇਗੀ ਨਜ਼ਰ...

–ਪਿਛਲੀ ਵਾਰ ਵੱਡੇ ਪਰਦੇ 'ਤੇ ਫਿਲਮ 'ਮੇਡ ਇਨ ਚਾਈਨਾ' ਵਿੱਚ ਰਾਜ ਕੁਮਾਰ ਰਾਓ ਤੇ ਮੋਨੀ ਰਾਏ ਨਾਲ ਨਜ਼ਰ ਆਈ ਅਮਾਇਰਾ ਦੀਆਂ ਅਗਲੀਆਂ ਫਿਲਮਾਂ ਵਿੱਚ ਦੋ ਤਮਿਲ ਤੇ ਇੱਕ ਹਿੰਦੀ ਫਿਲਮ ਹੈ। ਉਸ ਦੀਆਂ ਤਮਿਲ ਫਿਲਮਾਂ ਦੀ ਗੱਲ ਕਰੀਏ ਤਾਂ ਉਹ ਇੱਕ ਕਾਮੇਡੀ ਫਿਲਮ 'ਓਡੀ ਓਡੀ ਉਜਹਾਈਕਾਨਮ' ਅਤੇ 'ਕਧਲਾਈ ਥੇਡੀ ਨਿਥਯਾ ਨੰਧਾ' ਵਿੱਚ ਨਜ਼ਰ ਆਵੇਗੀ। ਉਸ ਦੀ ਹਿੰਦੀ ਫਿਲਮ 'ਪਿਲਫਰ ਸਿੰਘ' ਇੱਕ ਹਿੱਟ ਤੇਲਗੂ ਫਿਲਮ 'ਰਾਜੂ ਗਾਡੂ' ਦੀ ਰੀਮੇਕ ਹੈ।

* ਪਸੰਦ ਹੈ ਵੱਖ ਵੱਖ ਮਾਧਿਅਮਾਂ ਵਿੱਚ ਕੰਮ ਕਰਨਾ...

– ਅਮਾਇਰਾ ਨੇ ਇਹ ਗੱਲ ਮਨਜ਼ੂਰ ਕੀਤੀ ਸੀ ਕਿ ਓ ਟੀ ਟੀ ਪਲੇਟਫਾਰਮ ਤੋਂ ਲੈ ਕੇ ਫਿਲਮਾਂ ਤੱਕ ਉਹ ਅਲੱਗ ਅਲੱਗ ਮਾਧਿਅਮਾਂ ਵਿੱਚ ਕੰਮ ਕਰਨ ਨਾਲ ਉਸ ਨੂੰ ਉਦੋਂ ਤੱਕ ਕੋਈ ਦਿੱਕਤ ਨਹੀਂ ਹੈ ਜਦੋਂ ਤੱਕ ਕਿ ਉਸ ਵਿੱਚ ਉਸ ਦੀ ਭੂਮਿਕਾ ਦਿਲਚਸਪ ਹੋਵੇ ਅਤੇ ਆਪਣੀ ਪ੍ਰਤਿਭਾ ਦਿਖਾਉਣ ਲਈ ਵੀ ਪੂਰੀ ਗੁੰਜਾਇਸ਼ ਹੋਵੇ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਗੈਰ ਰਵਾਇਤੀ ਭੂਮਿਕਾਵਾਂ ਨਿਭਾ ਕੇ ਖੁਦ ਨੂੰ ਚੁਣੌਤੀ ਦੇਣਾ ਚਾਹੁੰਦੀ ਹੈ।

* ਜੈਕੀ ਚੈਨ ਨੂੰ ਮੰਨਦੀ ਹੈ ਅਸਲੀ ਹੀਰੋ...

– ਅਮਾਇਰਾ ਨੇ ਸਾਲ 2017 ਵਿੱਚ ਐਕਸ਼ਨ ਕਾਮੇਡੀ ਫਿਲਮ 'ਖੁੰਗ ਫੂ ਯੋਗਾ' ਵਿੱਚ ਜੈਕੀ ਚੈਨ ਨਾਲ ਕੰਮ ਕੀਤਾ ਸੀ। ਬੀਤੇ ਦਿਨੀਂ ਟਵਿੱਟਰ 'ਤੇ ਇੱਕ ਸਵਾਲ ਜਵਾਬ ਸੈਸ਼ਨ 'ਚ ਇੱਕ ਯੂਜ਼ਰ ਨੇ ਉਸ ਨਾਲ ਜੈਕੀ ਚੈਨ ਨਾਲ ਕੰਮ ਕਰਨ ਦੇ ਅਨੁਭਵਾਂ ਬਾਰੇ ਪੁੱਛਿਆ ਤਾਂ ਉਸ ਦਾ ਕਹਿਣਾ ਸੀ, ਉਹ ਬਿਲਕੁਲ ਆਪਣੇ ਸਕਰੀਨ ਰੋਲ ਵਾਂਗ ਹੈ। ਬੇਹੱਦ ਦਿਆਲੂ ਅਤੇ ਮਜ਼ਾਕੀਆ। ਉਹ ਮੇਰੀ ਜ਼ਿੰਦਗੀ ਦੇ ਅਸਲੀ ਹੀਰੋ ਹਨ?

* ਸਭ ਤੋਂ ਰੋਮਾਂਟਿਕ ਸੀਨ...

– ਇੱਕ ਇੰਟਰਵਿਊ ਵਿਚ ਅਮਾਇਰਾ ਨੇ ਚਰਚਿਤ ਬਾਲੀਵੁੱਡ ਕਪਿਲ ਰਣਵੀਰ ਸਿੰਘ ਅਤੇ ਦੀਪਿਕਾ ਪਾਦੁਕੋਣ ਵਿਚਾਲੇ ਆਨਸਕਰੀਨ ਇੰਟੀਮੇਸੀ ਦਾ ਵਰਣਨ ਕਰਦੇ ਹੋਏ ਕਿਹਾ, 'ਮੈਨੂੰ 'ਗੋਲੀਓਂ ਕੀ ਰਾਸਲੀਲਾ : ਰਾਮਲੀਲਾ' ਵਿੱਚ ਰਣਵੀਰ ਅਤੇ ਦੀਪਿਕਾ ਵਿਚਕਾਰ ਇੰਟੀਮੇਸ਼ਨ ਸੀਨ ਦੇਖਣ ਦਾ ਬਹੁਤ ਮਜ਼ਾ ਆਇਆ। ਜਦੋਂ ਦੀਪਿਕਾ ਹੱਥ ਵਿੱਚ ਧੂੰਏਂ ਦਾ ਕਟੋਰਾ ਲੈ ਕੇ ਕਾਮੁਕ ਢੰਗ ਨਾਲ ਥਿਰਕਦੀ ਹੈ ਅਤੇ ਰਣਵੀਰ ਤੇਲ ਨਾਲ ਲਿੱਬੜੇ ਸਰੀਰ ਅਤੇ ਧੋਤੀ ਪਹਿਨੀ ਨਜ਼ਰ ਆਉਂਦਾ ਹੈ। ਇਹ ਸੀਨ ਬਹੁਤ ਸ਼ਾਨਦਾਰ ਹੈ।

* ਪਿਤਾ ਲਈ ਚਿੰਤਤ

– ਇਸ ਤੋਂ ਪਹਿਲਾਂ ਅਮਾਇਰਾ ਨੇ ਮੰਨਿਆ ਸੀ ਕਿ ਉਹ ਆਪਣੇ ਪਿਤਾ ਦੇ ਬਾਰੇ ਚਿੰਤਤ ਸੀ, ਜੋ ਡਾਕਟਰ ਹਨ ਤੇ ਰੋਜ਼ਾਨਾ ਹਸਪਤਾਲ ਜਾਂਦੇ ਹਨ। ਸ਼ੁਰੂ ਵਿੱਚ ਉਹ ਜੋਖਮ ਭਰੇ ਮਾਹੌਲ 'ਚ ਕੰਮ ਕਰਨ ਲਈ ਪਿਤਾ ਦੇ ਬਾਹਰ ਜਾਣ ਬਾਰੇ ਚਿੰਤਤ ਰਹਿੰਦੀ ਸੀ, ਪਰ ਉਸ ਨੂੰ ਇਸ ਗੱਲ 'ਤੇ ਬਹੁਤ ਨਾਜ਼ ਸੀ ਕਿ ਉਨ੍ਹਾਂ ਨੇ ਅਜਿਹੇ ਹਾਲਾਤਾਂ 'ਚ ਵੀ ਕਿੰਨੀ ਮਿਹਨਤ ਕੀਤੀ।







# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21 President Realty Inc Brokerage* Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com






**ORDER ONLINE TODAY !!!**
**WWW.ASIANFOODCENTRE.COM**
**FREE PICK UP!!!**
**HOME DELIVERY ALSO AVAILABLE !!!**

# VEGETARIAN FOOD HEALTHY EATING

## FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

